ਭਾਰਤ ਦਾ ਇੱਕੋ-ਇੱਕ ਹਫ਼ਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ

Excellence in Agri Info

# ਖੇਤੀ ਦੁਨੀਆਂ

Rs.10/-

KHETI DUNIYAN, PATIALA

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 23-05-2026 • Vol.44 No.21 • M. 90410-14575 • Page 16 E-mail : khetiduniyan1983@gmail.com

# ਮਾਲਵਾ ਖੇਤਰ ਵਿੱਚ ਮੂੰਗੀ ’ਤੇ ਤੰਬਾਕੂ ਸੁੰਡੀ ਤੇ ਚਿੱਟੀ ਮੱਖੀ ਦਾ ਹਮਲਾ

ਮਾਲਵਾ ਖੇਤਰ ਅੰਦਰ ਗਰਮ ਰੁੱਤ ਦੀ ਮੂੰਗੀ ਦੀ ਫ਼ਸਲ ’ਤੇ ਤੰਬਾਕੂ ਸੁੰਡੀ ਅਤੇ ਚਿੱਟੀ ਮੱਖੀ ਦੇ ਹਮਲੇ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਕਿਸਾਨਾਂ ਦੀ ਚਿੰਤਾ ਵੱਧ ਗਈ ਹੈ। ਖਾਸ ਕਰਕੇ ਨਰਮਾ ਪੱਟੀ ਦੇ ਕਿਸਾਨ ਇਸ ਗੱਲ ਨੂੰ ਲੈ ਕੇ ਡਰੇ ਹੋਏ ਹਨ ਕਿ ਮੂੰਗੀ ’ਤੇ ਪੈਦਾ ਹੋ ਰਹੀ ਚਿੱਟੀ ਮੱਖੀ ਆਉਣ ਵਾਲੇ ਸਮੇਂ ਵਿੱਚ ਨਰਮੇ ਦੀ ਫ਼ਸਲ ਲਈ ਵੱਡਾ ਖਤਰਾ ਬਣ ਸਕਦੀ ਹੈ। ਪਿਛਲੇ ਸਾਲਾਂ ਦੌਰਾਨ ਚਿੱਟੀ ਮੱਖੀ ਦੇ ਹਮਲੇ ਕਾਰਨ ਨਰਮੇ ਦੀ ਫ਼ਸਲ ਨੂੰ ਹੋਏ ਭਾਰੀ ਨੁਕਸਾਨ ਨੂੰ ਯਾਦ ਕਰਦੇ ਹੋਏ ਕਿਸਾਨ ਇਸ ਵਾਰ ਪਹਿਲਾਂ ਹੀ ਸਾਵਧਾਨੀ ਵਰਤ ਰਹੇ ਹਨ। ਚਿੱਟੀ ਮੱਖੀ ਨੇ ਸਾਲ 2015 ਵਿੱਚ ਪਹਿਲੀ ਵਾਰ ਹਮਲਾ ਕਰਕੇ ਨਰਮੇ ਦੀ ਫ਼ਸਲ ਨੂੰ ਬਿਲਕੁਲ ਨਸ਼ਟ ਕਰ ਦਿੱਤਾ ਸੀ। ਕਿਸਾਨਾਂ ਦਾ ਕਹਿਣਾ ਹੈ ਕਿ ਉਹ ਮੂੰਗੀ ਦੀ ਫ਼ਸਲ ਉਪਰ ਨਿਯਮਿਤ ਤੌਰ ’ਤੇ ਕੀਟਨਾਸ਼ਕਾਂ ਦਾ ਛਿੜਕਾਅ ਕਰ ਰਹੇ ਹਨ, ਪਰ ਇਸਦੇ ਬਾਵਜੂਦ ਕਈ ਖੇਤਾਂ ਵਿੱਚ ਤੰਬਾਕੂ ਸੁੰਡੀ ਅਤੇ ਚਿੱਟੀ ਮੱਖੀ ਦਾ ਪ੍ਰਭਾਵ ਵੇਖਣ ਨੂੰ ਮਿਲ ਰਿਹਾ ਹੈ। ਕਿਸਾਨਾਂ ਮੁਤਾਬਕ ਤੰਬਾਕੂ ਸੁੰਡੀ ਪਹਿਲਾਂ ਪੱਤਿਆਂ ਨੂੰ ਖਾ ਕੇ ਉਨ੍ਹਾਂ ਨੂੰ ਛਾਣਨੀ ਵਰਗਾ ਕਰ ਦਿੰਦੀ ਹੈ ਅਤੇ ਬਾਅਦ ਵਿੱਚ ਪੂਰੀ ਫ਼ਸਲ ਨੂੰ ਨੁਕਸਾਨ ਪਹੁੰਚਾਉਂਦੀ ਹੈ।

## ਨਰਮਾ ਕਾਸ਼ਤਕਾਰ ਕਿਸਾਨਾਂ ਵਿੱਚ ਚਿੰਤਾ ਦਾ ਮਾਹੌਲ, ਆਉਣ ਵਾਲੇ ਸਮੇਂ ਵਿੱਚ ਨਰਮੇ ਲਈ ਬਣ ਸਕਦੀ ਹੈ ਵੱਡਾ ਖਤਰਾ



ਇਸੇ ਤਰ੍ਹਾਂ ਚਿੱਟੀ ਮੱਖੀ ਪੌਦਿਆਂ ਦਾ ਰਸ ਚੂਸ ਕੇ ਫ਼ਸਲ ਨੂੰ ਕਮਜ਼ੋਰ ਕਰਦੀ ਹੈ ਅਤੇ ਹੋਰ ਬਿਮਾਰੀਆਂ ਨੂੰ ਵੀ ਜਨਮ ਦਿੰਦੀ ਹੈ। ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਮਾਲਵਾ ਖੇਤਰ ਵਿੱਚ ਮੂੰਗੀ ਅਤੇ ਸਬਜ਼ੀਆਂ ਵਾਲੀਆਂ ਫ਼ਸਲਾਂ ਚਿੱਟੀ ਮੱਖੀ ਦੇ ਵਾਧੇ ਲਈ ਅਨੁਕੂਲ ਮੰਨੀਆਂ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਪਹਿਲਾਂ ਵੀ ਖੇਤੀ ਵਿਭਾਗ ਅਤੇ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਨਰਮਾ ਪੱਟੀ ਵਿੱਚ ਮੂੰਗੀ ਦੀ ਕਾਸ਼ਤ ਘੱਟ ਕਰਨ ਦੀ ਸਲਾਹ ਦਿੱਤੀ ਗਈ ਸੀ। ਮਾਹਿਰਾਂ ਅਨੁਸਾਰ ਜੇਕਰ ਚਿੱਟੀ ਮੱਖੀ ਦਾ ਸਮੇਂ ਸਿਰ ਕੰਟਰੋਲ ਨਾ ਕੀਤਾ ਗਿਆ ਤਾਂ ਇਸ ਦਾ ਸਿੱਧਾ ਅਸਰ ਨਰਮੇ ਦੀ ਫ਼ਸਲ ’ਤੇ ਪੈ ਸਕਦਾ ਹੈ। ਕਿਸਾਨਾਂ ਦਾ ਮੰਨਣਾ ਹੈ ਕਿ ਜੇਕਰ ਸਮੇਂ ਸਿਰ ਰੋਕਥਾਮ ਨਾ ਕੀਤੀ ਗਈ ਤਾਂ ਆਉਣ ਵਾਲੇ ਦਿਨਾਂ ਵਿੱਚ ਇਹ ਸਮੱਸਿਆ ਹੋਰ ਗੰਭੀਰ ਹੋ ਸਕਦੀ ਹੈ। ਬਠਿੰਡਾ ਦੇ ਮੁੱਖ ਖੇਤੀਬਾੜੀ ਅਫਸਰ ਡਾ. ਹਰਪ੍ਰੀਤਪਾਲ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ ਗਰਮੀ ਰੁੱਤ ਵਿੱਚ ਮੂੰਗੀ ਦੀ ਫ਼ਸਲ ਦੇ ਕੁਝ ਖੇਤਾਂ ਵਿੱਚ ਤੰਬਾਕੂ ਸੁੰਡੀ ਦਾ ਹਮਲਾ ਦੇਖਣ ਵਿੱਚ ਆਇਆ ਹੈ। ਇਸ ਕੀੜੇ ਦੀਆਂ ਛੋਟੀਆਂ ਸੁੰਡੀਆਂ ਕਾਲੇ ਰੰਗ ਦੀਆਂ ਹੁੰਦੀਆਂ ਹਨ, ਜਦੋਂਕਿ ਵੱਡੀਆਂ ਸੁੰਡੀਆਂ ਦਾ ਰੰਗ ਗੂੜ੍ਹਾ ਹਰਾ ਹੋ ਜਾਂਦਾ ਹੈ ਅਤੇ ਉਨ੍ਹਾਂ ਦੇ ਸਰੀਰ ’ਤੇ ਕਾਲੇ ਰੰਗ ਦੇ ਤਿਕੋਣੇ ਧੱਬੇ ਪਾਏ ਜਾਂਦੇ ਹਨ। ਇਸ ਕੀੜੇ ਦੇ ਪਤੰਗੇ ਪੱਤਿਆਂ ਦੇ ਹੇਠਲੇ ਪਾਸੇ ਝੁੰਡਾਂ ਵਿੱਚ ਅੰਡੇ ਦਿੰਦੇ ਹਨ, ਜੋ ਭੂਰੇ ਰੰਗ ਦੇ ਵਾਲਾਂ ਨਾਲ ਢਕੇ ਹੁੰਦੇ ਹਨ। ਮੁੱਖ ਖੇਤੀਬਾੜੀ ਅਫਸਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਫ਼ਸਲਾਂ ਦਾ ਨਿਯਮਿਤ ਸਰਵੇਖਣ ਕਰਦੇ ਰਹਿਣ। ਮੂੰਗੀ ਦੀ ਫ਼ਸਲ ਵਿੱਚ ਚਿੱਟੀ ਮੱਖੀ ਦਾ ਹਮਲਾ ਵੀ ਸੰਭਾਵਿਤ ਹੈ। ਇਸ ਦੀ ਰੋਕਥਾਮ ਲਈ ਖੇਤਾਂ ਵਿੱਚ ਯੈਲੋ ਸਟਿੱਕੀ ਟਰੈਪ ਲਗਾਏ ਜਾਣ ਅਤੇ ਲੋੜ ਪੈਣ ’ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਿਸ਼ਾਂ ਅਨੁਸਾਰ ਹੀ ਕੀਟਨਾਸ਼ਕ ਦਵਾਈ ਦਾ ਛਿੜਕਾਅ ਕੀਤਾ ਜਾਵੇ। ਮੁੱਖ ਖੇਤੀਬਾੜੀ ਅਫਸਰ ਨੇ ਇਹ ਵੀ ਕਿਹਾ ਕਿ ਜ਼ਿਲ੍ਹਾ ਬਠਿੰਡਾ ਵਿੱਚ ਸਾਉਣੀ ਦੌਰਾਨ ਨਰਮਾ ਮੁੱਖ ਫ਼ਸਲ ਹੋਣ ਕਾਰਨ ਕਿਸਾਨ ਸਮਰ ਮੂੰਗੀ ਦੀ ਕਾਸ਼ਤ ਤੋਂ ਸੰਭਵ ਹੋ ਸਕੇ ਤਾਂ ਗੁਰੇਜ਼ ਕਰਨ।

# ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਚਿੰਤਾਜਨਕ ਪੱਧਰ ਤੱਕ ਡਿੱਗਿਆ

## ਕਿਸਾਨਾਂ ਨੂੰ ਰਵਾਇਤੀ ਫ਼ਸਲੀ ਚੱਕਰ ਵਿੱਚੋਂ ਬਾਹਰ ਕੱਢਣ ਵਿੱਚ ਸਰਕਾਰਾਂ ਰਹੀਆਂ ਅਸਫਲ

ਦੇਸ਼ ਵਿੱਚ ਆਈ ਹਰੀ ਕ੍ਰਾਂਤੀ ਦੇ ਬਾਨੀ ਕਹੇ ਜਾਣ ਵਾਲੀ ਪੰਜਾਬ ਦੀ ਧਰਤੀ ਵਿੱਚੋਂ ਨਿਰੰਤਰ ਪਾਣੀ ਕੱਢੇ ਜਾਣ ਕਾਰਨ ਪਿਛਲੇ ਚਾਰ ਦਹਾਕਿਆਂ ਤੋਂ ਸੂਬੇ ਦਾ ਧਰਤੀ ਹੇਠਲਾ ਪਾਣੀ ਦਾ ਪੱਧਰ ਚਿੰਤਾਜਨਕ ਪੱਧਰ ਤੱਕ ਘੱਟ ਗਿਆ ਹੈ। ਅੰਕੜਿਆਂ ਅਨੁਸਾਰ ਪੰਜਾਬ ਦੇ 138 ਬਲਾਕਾਂ ਵਿੱਚੋਂ 109 ਬਲਾਕਾਂ ਨੂੰ ਧਰਤੀ ਹੇਠਲਾ ਪਾਣੀ ਬਹੁਤਾਤ ਵਿੱਚ ਕੱਢੇ ਜਾਣ ਕਾਰਨ ਵਾਲੇ ਬਲਾਕ ਐਲਾਨ ਦਿੱਤਾ ਗਿਆ ਹੈ। ਜਦਕਿ ਸੂਬੇ ਦੇ ਬਚਦੇ 2 ਬਲਾਕ ਨਾਜ਼ੁਕ, 5 ਬਲਾਕ ਅਰਧ-ਨਾਜ਼ੁਕ ਅਤੇ 22 ਬਲਾਕਾਂ ਵਿੱਚ ਧਰਤੀ ਹੇਠਲਾ ਪਾਣੀ ਸੁਰੱਖਿਅਤ ਪਾਇਆ ਗਿਆ ਹੈ। ਧਰਤੀ ਹੇਠਲਾ ਪਾਣੀ ਬਚਾਉਣ ਵਿੱਚ ‘ਆਪ’ ਸਰਕਾਰ ਨੇ ਖੇਤਾਂ ਦੀ ਸਿੰਚਾਈ ਨਹਿਰੀ ਪਾਣੀ, ਸੂਏ, ਪਾਈਪਾਂ ਅਤੇ ਖਾਲਾਂ ਰਾਹੀਂ ਖੇਤਾਂ ਤੱਕ ਪਹੁੰਚਾਉਣ ਦਾ ਕੰਮ ਅਰੰਭਿਆ ਸੀ ਪਰ ਹਾਲੇ ਤੱਕ ਇਸ ਕਾਰਜ ਨੂੰ ਪੂਰੀ ਤਰ੍ਹਾਂ ਅਮਲੀਜਾਮਾ ਨਹੀਂ ਪਹਿਨਾਇਆ। ਇਸ ਕਰਕੇ ਸੂਬੇ ਦੇ ਬਹੁਤੇ ਜ਼ਿੰਮੀਦਾਰ ਖੇਤਾਂ ਵਿੱਚ ਨਹਿਰੀ ਪਾਣੀ ਆਉਣ ਦੀ ਉਡੀਕ ਹੀ ਕਰ ਰਹੇ ਹਨ। ਸੂਬੇ ਵਿੱਚ ਝੋਨੇ ਦੀ ਕਾਸ਼ਤ ਹੇਠਲਾ ਰਕਬਾ ਵਧਣਾ ਤੇ ਪੰਜਾਬ ਪਿਛਲੇ ਚਾਰ ਦਹਾਕਿਆਂ ਦੇ ਅਰਸੇ ਦੌਰਾਨ ਟਿਊਬਵੈੱਲਾਂ ਦੀ ਗਿਣਤੀ ਦੁੱਗਣੀ ਤੋਂ ਵੀ ਜ਼ਿਆਦਾ ਹੋ ਜਾਣਾ ਹੈ। ਸੂਬੇ ਦੇ ਕਿਸਾਨ ਰਵਾਇਤੀ ਫ਼ਸਲ ਚੱਕਰ ਵਿੱਚੋਂ ਸ਼ਾਇਦ ਆਪ ਹੀ ਨਿਕਲਣਾ ਨਹੀਂ ਚਾਹੁੰਦੇ, ਇਸ ਫ਼ਸਲੀ ਭਿੰਨਤਾਵਾਂ ਦਾ ਫਾਰਮੂਲਾ ਪੰਜਾਬ ਵਿੱਚ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਰਿਹਾ ਹੈ। ਪੰਜਾਬ ਦੇ ਵਿਰਲੇ ਇਲਾਕਿਆਂ ਵਿੱਚ ਜ਼ਮੀਨ ਦੀ ਸਿੰਚਾਈ ਲਈ ਨਹਿਰੀ ਤੇ ਦਰਿਆਵਾਂ ਦੇ ਪਾਣੀ ਦੀ ਪਹੁੰਚ ਹੈ। ਜਿਸ ਕਰਕੇ ਸੂਬੇ ਦੀ ਜ਼ਿਆਦਾਤਰ ਭੂਮੀ ਦੀ ਸਿੰਚਾਈ ਟਿਊਬਵੈੱਲਾਂ ’ਤੇ ਹੀ ਨਿਰਭਰ ਹੈ। ਭਾਰਤ ਤੇ ਪੰਜਾਬ ਵਿੱਚ ਵੱਖ-ਵੱਖ ਸਮੇਂ ਦੀਆਂ ਸਰਕਾਰ ਵਲੋਂ ਕਿਸਾਨਾਂ ਨੂੰ ਰਵਾਇਤੀ ਫ਼ਸਲਾਂ ਨੂੰ ਛੱਡ ਕੇ ਹੋਰ ਫ਼ਸਲਾਂ ਵੱਲ ਆਕਰਸ਼ਿਤ ਕਰਨ ਵਾਲੀਆਂ ਨੀਤੀਆਂ ਬਣਾਉਣ ਵਿੱਚ ਅਸਫਲ ਰਹੀ ਹੈ। ਸੂਬੇ ਵਿੱਚ ਧਰਤੀ ਹੇਠਲੇ ਪਾਣੀ ਨੂੰ ਦੁਬਾਰਾ ਭਰਨ ਲਈ ਰੀਚਾਰਜ ਖੂਹਾਂ ਦੀ ਘਾਟ ਹੋਣਾ ਵੀ ਹੈ। ਇਸ ਸਬੰਧੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਕਿਸਾਨ ਮਲਕੀਤ ਸਿੰਘ, ਬਲਕਾਰ ਸਿੰਘ, ਜਸਵੀਰ ਸਿੰਘ ਤੇ ਜਤਿੰਦਰ ਸਿੰਘ ਨੇ ਇਸ ਸਬੰਧੀ ਦੱਸਿਆ ਕਿ ਸੂਬੇ ਦੀ ਧਰਤੀ ਹੇਠਲਾ ਪਾਣੀ ਦਾ ਪੱਧਰ ਘਟਣ ਪਿੱਛੇ ਕੇਵਲ ਕਿਸਾਨ ਹੀ ਜ਼ਿੰਮੇਵਾਰ ਨਹੀਂ ਹਨ, ਉਹ ਤਾਂ ਕੇਵਲ ਸਾਲ ਦੇ ਤਿੰਨ ਮਹੀਨੇ ਹੀ ਝੋਨੇ ਦੀ ਫ਼ਸਲ ਪਾਲਨ ਲਈ ਜ਼ਿਆਦਾ ਪਾਣੀ ਦੀ ਵਰਤੋਂ ਕਰਦੇ ਹਨ। ਜਦਕਿ ਸਨਅਤਾਂ, ਫੈਕਟਰੀਆਂ, ਉਦਯੋਗ ਅਤੇ ਤੇਜ਼ੀ ਵੱਧ ਰਹੇ ਸ਼ਹਿਰੀਕਰਨ ਧਰਤੀ ਹੇਠਲਾ ਪਾਣੀ ਘਟਾਉਣ ਦੀ ਜ਼ਿਆਦਾ ਜ਼ਿੰਮੇਵਾਰ ਹੈ। ਪੰਜਾਬ ਸਰਕਾਰ ਵੱਲੋਂ ਸਿੱਧੀ ਝੋਨੇ ਦੀ ਬਿਜਾਈ (ਡੀ. ਐਸ. ਆਰ.) ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਸਹਾਇਤਾ ਦੇਣ ਦੇ ਐਲਾਨ ਦੇ ਬਾਵਜੂਦ ਵੀ ਸੂਬੇ ਦੇ ਬਹੁਤੇ ਕਿਸਾਨ ਕੱਦੂ ਕਰਕੇ ਝੋਨਾ ਲਗਾਉਣ ਨੂੰ ਤਰਜੀਹ ਦਿੰਦੇ ਹਨ। ਹੁਣ ਤੱਕ ਸੂਬੇ ਦੀ ਬੀਤੇ ਵਰ੍ਹੇ ਟੀਚੇ ਤੋਂ ਕਾਫ਼ੀ ਘੱਟ ਝੋਨੇ ਦੀ ਸਿੱਧੀ ਬਿਜਾਈ ਹੋਈ ਸੀ ਪਰ ਇਸ ਸਾਲ ਇਹ ਟੀਚਾ ਪੂਰਾ ਹੁੰਦਾ ਹੈ ਜਾਂ ਨਹੀਂ ਇਹ ਤਾਂ ਸਮਾਂ ਦੱਸੇਗਾ।

BEW

ਕੇ ਐਸ ਗਰੁੱਪ
ਮਲੇਰਕੋਟਲਾ

KSA

ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ

4 IN 1 COMBO

BEW ਸੁਪਰ ਸੀਡਰ



• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਊਡਰ ਕੋਟਿੰਗ ਪੇਂਟ
• ਪੇਟੇਂਟ ਡਿਜ਼ਾਇਨ

TOLL FREE NUMBER
1800-120-004455

• BHAGWAN ENGINNERING WORKS
• KS AGROTECH PVT. LTD.
• KS POWERTECH PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

## ਅੰਦਰ ਪੜ੍ਹੋ



ਮੱਕੀ ਦੀ ਕਾਸ਼ਤ – ਫ਼ਸਲੀ ਵਿਭਿੰਨਤਾ ਅਤੇ ਵਧੇਰੇ ਮੁਨਾਫ਼ੇ ਦਾ ਆਧਾਰ



ਝੋਨੇ ਦੀ ਮੈਟ ਟਾਈਪ ਪਨੀਰੀ ਦੀ ਬਿਜਾਈ ਦਾ ਨਵੀਨਤਮ ਹੱਲ



ਪੰਜਾਬ ਵਿੱਚ ਗੇਂਦੇ ਦੇ ਸਫਲ ਬੀਜ ਉਤਪਾਦਨ ਲਈ ਮਹੱਤਵਪੂਰਨ ਨੁਕਤੇ



ਗਰਮੀਆਂ ਵਿੱਚ ਮੁਰਗੀਆਂ ਦਾ ਸੁਚੱਜਾ ਪ੍ਰਬੰਧਨ

**ਸਾਉਣੀ ਦੀ ਮੱਕੀ ਦੀ ਫ਼ਸਲ ਫ਼ਸਲੀ ਵਿਭਿੰਨਤਾ ਵਿੱਚ ਅਹਿਮ ਯੋਗਦਾਨ ਦੇ ਸਕਦੀ ਹੈ । ਮੱਕੀ ਦੀ ਫ਼ਸਲ ਦਾ ਜ਼ਿਆਦਾ ਝਾੜ ਲੈਣ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੀਆਂ ਹੇਠ ਲਿਖੀਆਂ ਉਤਪਾਦਨ ਤਕਨੀਕਾਂ ਵੱਲ ਧਿਆਨ ਦੇਣ ਦੀ ਲੋੜ ਹੈ ।**

# ਮੱਕੀ ਦੀ ਕਾਸ਼ਤ

## ਫ਼ਸਲੀ ਵਿਭਿੰਨਤਾ ਅਤੇ ਵਧੇਰੇ ਮੁਨਾਫ਼ੇ ਦਾ ਆਧਾਰ



**ਜ਼ਮੀਨ** : ਮੱਕੀ ਦੀ ਕਾਸ਼ਤ ਚੰਗੇ ਜਲ ਨਿਕਾਸ ਵਾਲੀ, ਮੈਰਾ ਤੋਂ ਭੱਲ ਵਾਲੀ ਜ਼ਮੀਨ ਤੇ ਕਰਨੀ ਚਾਹੀਦੀ ਹੈ ।

**ਉੱਨਤ ਕਿਸਮਾਂ** : ਮੱਕੀ ਦੀਆਂ ਉੱਨਤ ਕਿਸਮਾਂ ਨੂੰ ਪੱਕਣ ਲਈ ਸਮੇਂ ਅਨੁਸਾਰ ਤਿੰਨ ਸ਼੍ਰੇਣੀਆਂ ਲੰਮਾ ਸਮਾਂ, ਦਰਮਿਆਨਾ ਸਮਾਂ ਅਤੇ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ । ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਵਿੱਚ ਐੱਨ ਕੇ 7328, ਪੀ ਐੱਮ ਐੱਚ 17, ਡੀ ਕੇ ਸੀ 9144, ਬਾਇਉਸੀਡ 9788, ਪੀ ਐਮ ਐਚ 14, ਪੀ ਐਮ ਐਚ 13, ਏ ਡੀ ਵੀ 9293, ਜੇ ਸੀ 12, ਪੀ ਐਮ ਐਚ 11, ਪੀ ਐਮ ਐਚ 1 ਕਿਸਮਾਂ ਆਉਂਦੀਆਂ ਹਨ । ਦਰਮਿਆਨ ਸਮਾਂ ਲੈਣ ਵਾਲੀਆਂ ਕਿਸਮਾਂ ਵਿੱਚ ਜੇ ਸੀ 4 ਕਿਸਮ ਆਉਂਦੀ ਹੈ । ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਵਿੱਚ ਪੀ ਐੱਮ ਐੱਚ 2 ਕਿਸਮ ਆਉਂਦੀ ਹੈ । ਇਸ ਤੋਂ ਇਲਾਵਾ ਖਾਸ ਵਰਤੋਂ ਲਈ ਪੰਜਾਬ ਬੇਬੀ ਕੋਰਨ 1, ਪੰਜਾਬ ਸਵੀਟ ਕੋਰਨ 1 ਅਤੇ ਪਰਲ ਪੋਪਕੋਰਨ ਕਿਸਮਾਂ ਦੀ ਸਿਫਾਰਿਸ਼ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਕੀਤੀ ਗਈ ਹੈ ।

**ਜ਼ਮੀਨ ਦੀ ਤਿਆਰੀ** : ਖੇਤ ਨੂੰ 4-5 ਵਾਰ ਵਾਹੁਣਾ ਅਤੇ ਸੁਹਾਗਾ ਮਾਰਨਾ ਚਾਹੀਦਾ ਹੈ । ਖੇਤ ਬਿਲਕੁਲ ਪੱਧਰਾ ਹੋਣਾ ਚਾਹੀਦਾ ਹੈ ਤਾਂ ਜੋ ਸਾਰੇ ਖੇਤ ਵਿੱਚ ਪਾਣੀ ਇਕਸਾਰ ਲੱਗੇ । ਮੱਕੀ ਨੂੰ ਜ਼ੀਰੋ ਟਿਲ ਡਰਿੱਲ ਨਾਲ ਬਿਨਾਂ ਖੇਤ ਨੂੰ ਵਾਹੇ



ਵੀ ਬੀਜਿਆ ਜਾ ਸਕਦਾ ਹੈ ।

**ਬਿਜਾਈ ਦਾ ਸਮਾਂ** : ਮੱਕੀ ਦੀ ਬਿਜਾਈ ਮਈ ਦੇ ਅਖੀਰਲੇ ਹਫਤੇ ਤੋਂ ਅਖੀਰ ਜੂਨ ਤੱਕ ਕੀਤੀ ਜਾ ਸਕਦੀ ਹੈ ।

**ਬੀਜ ਦੀ ਮਾਤਰਾ** : ਮੱਕੀ ਦੀ ਕਿਸਮ ਪਰਲ ਪੋਪਕਾਰਨ ਲਈ 7 ਕਿਲੋ ਬੀਜ ਪ੍ਰਤੀ ਏਕੜ ਅਤੇ ਬਾਕੀ ਸਾਰੀਆਂ ਕਿਸਮਾਂ ਲਈ 10 ਕਿਲੋ ਬੀਜ ਪ੍ਰਤੀ ਏਕੜ ਦੀ ਸਿਫ਼ਾਰਿਸ਼ ਕੀਤੀ ਗਈ ਹੈ ।

**ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ** : ਜੀਵਾਣੂੰ ਖਾਦ ਦਾ ਟੀਕਾ ਲਾਉਣ ਨਾਲ ਮੱਕੀ ਦੇ ਝਾੜ ਵਿੱਚ ਵਾਧੇ ਦੇ ਨਾਲ ਮਿੱਟੀ ਦੀ ਸਿਹਤ ਵਿੱਚ ਵੀ ਸੁਧਾਰ ਹੁੰਦਾ ਹੈ । ਅੱਧਾ ਕਿਲੋ ਜੀਵਾਣੂੰ ਖਾਦ ਦੇ ਟੀਕੇ ਨੂੰ ਇੱਕ ਲਿਟਰ ਪਾਣੀ ਵਿੱਚ ਮਿਲਾ ਕੇ ਮੱਕੀ ਦੇ ਇੱਕ ਏਕੜ ਲਈ ਸਿਫਾਰਿਸ਼ ਬੀਜ ਨਾਲ ਚੰਗੀ ਤਰ੍ਹਾਂ ਲਗਾਉ ਅਤੇ ਛਾਵੇਂ ਸੁਕਾਉਣ ਤੋਂ ਬਾਅਦ ਤੁਰੰਤ ਬੀਜ ਦਿਉ ।

**ਬਿਜਾਈ ਦਾ ਢੰਗ** : ਮੱਕੀ ਦੀ ਬਿਜਾਈ ਪੱਧਰ ਖੇਤ ਵਿੱਚ, ਖਾਲੀਆਂ ਵਿੱਚ, ਬੈੱਡ ਜਾਂ ਵੱਟਾਂ ਦੇ ਉੱਪਰ ਜਾਂ ਫਿਰ ਬਿਨਾਂ ਖੇਤ ਵਹਾਈ ਕੀਤੀ ਜਾ ਸਕਦੀ ਹੈ । ਪੱਧਰ ਖੇਤ ਵਿੱਚ ਮੱਕੀ ਦੀ ਬਿਜਾਈ 3-5 ਸੈਂਟੀਮੀਟਰ ਡੂੰਘਾਈ ਤੇ ਕਤਾਰ ਦਾ ਫਾਸਲਾ 60 ਸੈਂਟੀਮੀਟਰ ਰੱਖ ਕੇ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖ ਕੇ ਖਾਦ-ਡਰਿੱਲ ਜਾਂ ਮੱਕੀ ਵਾਲੇ ਪਲਾਂਟਰ ਨਾਲ ਕਰੋ । ਮੱਕੀ ਦੀ ਬਿਜਾਈ ਨਿਊਮੈਟਿਕ ਪਲਾਂਟਰ ਨਾਲ ਚਾਰ ਕਤਾਰਾਂ ਵਿੱਚ 55-56 ਸੈਂਟੀਮੀਟਰ ਡੂੰਘਾਈ ਤੇ ਵੀ ਕੀਤੀ ਜਾ ਸਕਦੀ ਹੈ । ਮੱਕੀ ਨੂੰ ਟਰੈਕਟਰ ਵਾਲੀ ਰਿਜਰ ਮਸ਼ੀਨ ਨਾਲ ਬਣਾਈਆਂ ਖਾਲੀਆਂ ਵਿੱਚ ਵੀ ਬੀਜਿਆ ਜਾ ਸਕਦਾ ਹੈ । ਇਸ ਤੋਂ ਇਲਾਵਾ ਮੱਕੀ ਦੀ ਬਿਜਾਈ ਕਣਕ ਵਾਲੇ ਬੈੱਡ ਪਲਾਂਟਰ ਨਾਲ ਬਣਾਏ 67.5 ਸੈਂਟੀਮੀਟਰ ਬੈੱਡ ਦੇ ਵਿਚਕਾਰ 3-5 ਸੈਂਟੀਮੀਟਰ ਡੂੰਘਾਈ ਰੱਖ ਕੇ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 18 ਸੈਂਟੀਮੀਟਰ ਰੱਖ ਕੇ ਵੀ ਕੀਤੀ ਜਾ ਸਕਦੀ ਹੈ । ਮੱਕੀ ਨੂੰ 60 ਸੈਂਟੀਮੀਟਰ ਦੀ ਵਿੱਥ ਤੇ ਬਣਾਈਆਂ ਵੱਟਾਂ ਦੇ ਪਾਸੇ ਤੇ 6-7 ਸੈਂਟੀਮੀਟਰ ਦੀ ਉਚਾਈ ਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖ ਕੇ ਵੀ ਬੀਜਿਆ ਜਾ ਸਕਦਾ ਹੈ । ਮੱਕੀ ਦੀ ਬਿਜਾਈ ਬਿਨਾਂ ਵਾਹੇ ਖੇਤ ਵਿੱਚ ਜ਼ੀਰੋ ਟਿੱਲ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ ।

**ਨਦੀਨਾਂ ਦੀ ਰੋਕਥਾਮ** : ਮੱਕੀ ਵਿੱਚ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 15 ਤੋਂ 30 ਦਿਨਾਂ ਬਾਅਦ ਗੋਡੀ ਕਰਕੇ ਕੀਤੀ ਜਾ ਸਕਦੀ ਹੈ । ਮੱਕੀ ਦੀ ਬਿਜਾਈ ਸਮੇਂ ਝੋਨੇ ਦੀ ਪਰਾਲੀ 30 ਕੁਇੰਟਲ ਪ੍ਰਤੀ ਏਕੜ ਨੂੰ ਖੇਤ ਵਿੱਚ ਇਕਸਾਰ ਵਿਛਾ ਕੇ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਇਸ ਤੋਂ ਇਲਾਵਾ ਰਵਾਂਹ ਦੀ ਕਿਸਮ ਸੀ ਐਲ

**ਜਗਜੋਤ ਸਿੰਘ ਗਿੱਲ ਅਤੇ ਮਨਿੰਦਰ ਸਿੰਘ,**
ਫਾਰਮ ਸਲਾਹਕਾਰ ਸੇਵਾ ਕੇਂਦਰ
ਫਿਰੋਜ਼ਪੁਰ (ਮੋ. 82839-32427)

367 ਨੂੰ 8 ਕਿਲੋ ਬੀਜ ਪ੍ਰਤੀ ਏਕੜ ਵਰਤ ਕੇ ਮੱਕੀ ਦੀਆਂ ਕਤਾਰਾਂ ਵਿੱਚ ਇੱਕ ਜਾਂ ਦੋ ਕਤਾਰਾਂ ਬੀਜ ਕੇ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਰਵਾਂਹ ਨੂੰ ਬਿਜਾਈ ਤੋਂ 35-45 ਦਿਨਾਂ ਬਾਅਦ ਚਾਰੇ ਦੇ ਤੌਰ ਤੇ ਕੱਟ ਲਉ । ਮੱਕੀ ਵਿੱਚ ਨਦੀਨਾਂ ਦੀ ਰੋਕਥਾਮ ਰਸਾਇਣਕ ਢੰਗ ਨਾਲ ਵੀ ਕੀਤੀ ਜਾ ਸਕਦੀ ਹੈ । ਚੌੜੇ ਪੱਤਿਆਂ ਵਾਲੇ ਨਦੀਨ ਖਾਸ ਕਰਕੇ ਇੱਟਸਿਟ ਅਤੇ ਘਾਹ ਵਰਗੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 10 ਦਿਨਾਂ ਦੇ ਅੰਦਰ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ 800 ਗ੍ਰਾਮ ਅਤੇ ਹਲਕੀਆਂ ਜ਼ਮੀਨਾਂ ਵਿੱਚ 500 ਗ੍ਰਾਮ ਪ੍ਰਤੀ ਏਕੜ ਐਟਰਾਟਾਫ / ਐਟਰਾਗੋਲਡ / ਮਾਸਟਾਫ / ਅਟਾਰੀ / ਟੈਕਸ 50 ਡਬਲਯੂ ਪੀ (ਐਟਰਾਜੀਨ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਗੋਡੀ ਦੇ ਨਾਲ-ਨਾਲ ਇਹੀ ਨਦੀਨਨਾਸ਼ਕ ਦੀ ਵਰਤੋਂ ਕਰਕੇ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਪਹਿਲਾਂ ਦੱਸੇ ਨਦੀਨ ਨਾਸ਼ਕ ਦੀ ਮਾਤਰਾ 250 ਗ੍ਰਾਮ ਪ੍ਰਤੀ ਏਕੜ ਨੂੰ ਮੱਕੀ ਦੀਆਂ ਕਤਾਰਾਂ ਤੇ 20 ਸੈਂਟੀਮੀਟਰ ਚੌੜਾ ਪੱਟੀਦਾਰ ਛਿੜਕਾਅ ਕਰਕੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ ਅਤੇ ਕਤਾਰਾਂ ਵਿੱਚ ਬਾਕੀ ਬਚਦੀ ਜਗ੍ਹਾ ਵਿੱਚ ਬਿਜਾਈ ਤੋਂ 15-30 ਦਿਨਾਂ ਬਾਅਦ ਗੋਡੀ ਕੀਤੀ ਜਾ ਸਕਦੀ ਹੈ । ਬਿਜਾਈ ਤੋਂ 20 ਦਿਨਾਂ ਬਾਅਦ ਲੋਡਿਸ 420 ਐਸ ਸੀ (ਟੈਂਬੋਟਰਾਇਨ) 105 ਮਿਲੀਲਿਟਰ ਪ੍ਰਤੀ ਏਕੜ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਡੀਲੇ/ਮੋਥੇ ਦੀ ਰੋਕਥਾਮ ਲਈ ਬਿਜਾਈ ਤੋਂ 20-25 ਦਿਨਾਂ ਬਾਅਦ 400 ਮਿਲੀਲਿਟਰ ਪ੍ਰਤੀ ਏਕੜ 2, 4-ਡੀ ਅਮਾਈਨ ਸਾਲਟ 58 ਐਸ ਐਲ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।

**ਖਾਦਾਂ** : ਮੱਕੀ ਵਿੱਚ ਖਾਦ ਪ੍ਰਬੰਧਨ ਲਈ ਹਰੀ ਖਾਦ, ਜੈਵਿਕ ਖਾਦ, ਜੀਵਾਣੂੰ ਖਾਦ ਅਤੇ ਰਸਾਇਣਕ ਖਾਦ ਦੀ ਰਲਵੀ ਵਰਤੋਂ ਕਰਨੀ ਚਾਹੀਦੀ ਹੈ । ਮੱਕੀ ਬੀਜਣ ਤੋਂ 10 ਦਿਨ ਪਹਿਲਾਂ ਜੰਤਰ ਜਾਂ ਰਵਾਂਹ ਜਾਂ ਸਣ ਦੀ 50 ਦਿਨਾਂ ਦੀ ਫ਼ਸਲ ਨੂੰ ਖੇਤ ਵਿੱਚ ਹੀ ਦਬਾ ਕੇ ਹਰੀ ਖਾਦ ਕਰਨੀ ਚਾਹੀਦੀ ਹੈ । ਗਰਮ ਰੁੱਤ ਦੀ ਮੂੰਗੀ ਨੂੰ ਵੀ ਫਲੀਆਂ ਤੋੜਨ ਤੋਂ ਬਾਅਦ ਹਰੀ ਖਾਦ ਦੇ ਤੌਰ ਤੇ ਮਿੱਟੀ ਵਿੱਚ ਦਬਾਇਆ ਜਾ ਸਕਦਾ ਹੈ । ਜੇਕਰ ਮੱਕੀ ਬੀਜਣ ਤੋਂ ਪਹਿਲਾਂ ਰੂੜੀ ਖਾਦ 6 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਹਰ ਸਾਲ ਪਾਈ ਗਈ ਹੋਵੇ ਤਾਂ ਬਿਜਾਈ ਸਮੇਂ ਮੱਕੀ ਨੂੰ ਹੋਰ ਖਾਦ ਦੀ ਲੋੜ ਨਹੀਂ । ਝੋਨੇ ਦੀ ਪਰਾਲੀ ਤੋਂ ਬਣਾਈ ਕੰਪੋਸਟ ਨੂੰ ਰੂੜੀ ਦੀ ਖਾਦ ਦੇ ਬਦਲ ਤੌਰ ਤੇ ਵਰਤਿਆ ਜਾ ਸਕਦਾ ਹੈ । ਇਸ ਦੇ ਨਾਲ-ਨਾਲ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ



ਦੀ ਸਿਫਾਰਿਸ਼ ਮਾਤਰਾ ਅਨੁਸਾਰ ਰਸਾਇਣਕ ਖਾਦਾਂ ਦੀ ਵੀ ਵਰਤੋਂ ਕਰਨੀ ਚਾਹੀਦੀ ਹੈ । ਬੀਜ ਨੂੰ ਬੀਜਣ ਤੋਂ ਪਹਿਲਾਂ ਜੀਵਾਣੂੰ ਖਾਦ ਦਾ ਟੀਕਾ ਜ਼ਰੂਰ ਲਾਓ । ਰਸਾਇਣਕ ਖਾਦਾਂ ਦੀ ਵਰਤੋਂ ਮਿੱਟੀ ਪਰਖ ਰਿਪੋਰਟ ਦੇ ਆਧਾਰ ਤੇ ਕਰਨੀ ਚਾਹੀਦੀ ਹੈ । ਮੱਕੀ ਦੀਆਂ ਕਿਸਮਾਂ ਪੀ ਐਮ ਐਚ 1, 11, 13 ਤੇ 14, ਏ ਡੀ ਵੀ 9293, ਜੇ ਸੀ 12 ਅਤੇ ਪੰਜਾਬ ਸਵੀਟ ਕੋਰਨ 1 ਨੂੰ 110 ਕਿਲੋ ਯੂਰੀਆ ਪ੍ਰਤੀ ਏਕੜ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਕੇ ਪਾਓ । ਯੂਰੀਆ ਖਾਦ ਦਾ ਇੱਕ ਹਿੱਸਾ ਬਿਜਾਈ ਸਮੇਂ ਪਾਓ ਅਤੇ ਬਾਕੀ ਰਹਿੰਦੇ ਦੋ ਹਿੱਸੇ ਫ਼ਸਲ ਦੇ ਗੋਡੇ-ਗੋਡੇ ਹੋਣ ਅਤੇ ਬੂਰ ਪੈਣ ਤੇ ਪਾਓ । ਫਾਸਫੋਰਸ ਤੱਤ ਲਈ 55 ਕਿਲੋ ਡੀ ਏ ਪੀ ਜਾਂ 150 ਕਿਲੋ ਸੁਪਰਫਾਸਫੇਟ ਜਾਂ 125 ਕਿਲੋ ਨਾਈਟ੍ਰੋਫਾਸਫੇਟ ਪ੍ਰਤੀ ਏਕੜ ਬਿਜਾਈ ਸਮੇਂ ਪਾਓ । ਇਸ ਤਰ੍ਹਾਂ ਹੀ ਪੋਟਾਸ਼ ਤੱਤ ਲਈ 20 ਕਿਲੋ ਪ੍ਰਤੀ ਏਕੜ ਮਿਊਰੇਟ ਆਫ ਪੋਟਾਸ਼ ਬਿਜਾਈ ਸਮੇਂ ਪਾਓ । ਮੱਕੀ ਦੀਆਂ ਕਿਸਮਾਂ ਪੀ ਐਮ ਐਚ 2, ਜੇ ਸੀ 4, ਪੰਜਾਬ ਬੇਬੀ ਕੋਰਨ 1 ਅਤੇ ਪਰਲ ਪੋਪ ਕੋਰਨ ਨੂੰ 75 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ 3 ਹਿੱਸਿਆਂ ਵਿੱਚ ਵੰਡ ਕੇ ਬਿਜਾਈ ਸਮੇਂ ਫ਼ਸਲ ਦੇ ਗੋਡੇ-ਗੋਡੇ ਹੋਣ ਅਤੇ ਬੂਰ ਪੈਣ ਸਮੇਂ ਪਾਓ । ਫਾਸਫੋਰਸ ਤੱਤ ਲਈ ਡੀ ਏ ਪੀ 27 ਕਿਲੋ ਜਾਂ ਸਿੰਗਲਫ਼ਾਸਫੇਟ 75 ਕਿਲੋ ਜਾਂ ਨਾਈਟ੍ਰੋਫਾਸਫੇਟ 62 ਕਿਲੋ ਪ੍ਰਤੀ ਏਕੜ ਬਿਜਾਈ ਸਮੇਂ ਪਾਓ । ਪੋਟਾਸ਼ ਤੱਤ ਲਈ ਮਿਊਰੇਟ ਆਫ ਪੋਟਾਸ਼ 15 ਕਿਲੋ ਪ੍ਰਤੀ ਏਕੜ ਬਿਜਾਈ ਸਮੇਂ ਪਾਓ । ਜੇਕਰ ਕਣਕ ਦੀ ਫ਼ਸਲ ਨੂੰ ਸਿਫ਼ਾਰਿਸ਼ ਕੀਤੀ ਗਈ ਫ਼ਾਸਫੋਰਸ ਤੱਤ ਦੀ ਮਾਤਰਾ ਪਾਈ ਗਈ ਹੋਵੇ ਤਾਂ ਮੱਕੀ ਦੀ ਫ਼ਸਲ ਨੂੰ ਇਹ ਤੱਤ ਪਾਉਣ ਦੀ ਲੋੜ ਨਹੀਂ । ਜੇਕਰ ਮੱਕੀ ਨੂੰ ਫ਼ਾਸਫੋਰਸ ਤੱਤ ਡੀ ਏ ਪੀ ਦੇ ਰੂਪ ਵਿੱਚ 55 ਕਿਲੋ ਪ੍ਰਤੀ ਏਕੜ ਜਾਂ 27 ਕਿਲੋ ਪ੍ਰਤੀ ਏਕੜ ਮੱਕੀ ਨੂੰ ਪਾਇਆ ਹੋਵੇ ਤਾਂ ਯੂਰੀਆ ਖਾਦ ਦੀ ਮਾਤਰਾ 20 ਕਿਲੋ ਜਾਂ 10 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਘਟਾ ਦਿਓ ।

**ਜ਼ਿੰਕ ਦੀ ਘਾਟ** : ਮੱਕੀ ਦੀ ਫ਼ਸਲ ਵਿੱਚ ਜ਼ਿੰਕ ਦੀ ਘਾਟ ਆ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ । ਜੇਕਰ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਮੱਕੀ ਤੋਂ ਪਹਿਲਾਂ ਵਾਲੀ ਫ਼ਸਲ ਵਿੱਚ ਨਜ਼ਰ ਆਈਆਂ ਹੋਣ ਤਾਂ ਮੱਕੀ ਦੀ ਬਿਜਾਈ ਸਮੇਂ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ ਵਿੱਚ ਪਾਓ । ਜੇਕਰ ਜ਼ਿੰਕ ਸਲਫੇਟ ਬਿਜਾਈ ਸਮੇਂ ਨਾ ਪਾਈ ਹੋਵੇ ਅਤੇ ਮੱਕੀ ਵਿੱਚ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਦਿਸਣ ਲੱਗ ਪੈਣ ਤਾਂ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਓਨੀ ਹੀ ਮਿੱਟੀ ਵਿੱਚ ਰਲਾ ਕੇ ਮੱਕੀ ਦੀਆਂ ਕਤਾਰਾਂ ਦੇ ਨਾਲ-ਨਾਲ ਪਾ ਦਿਓ ਅਤੇ ਗੋਡੀ ਕਰਕੇ ਮਿੱਟੀ ਵਿੱਚ ਮਿਲਾ ਦਿਓ ਅਤੇ ਫ਼ਸਲ ਨੂੰ ਪਾਣੀ ਲਾ ਦਿਓ । ਜੇਕਰ ਗੋਡੀ ਕਰਨੀ ਮੁਸ਼ਕਿਲ ਹੋਵੇ ਤਾਂ ਜ਼ਿੰਕ ਸਲਫੇਟ ਦੀ ਸਪਰੇਅ ਵੀ ਕੀਤੀ ਜਾ ਸਕਦੀ ਹੈ । ਜ਼ਿੰਕ ਸਲਫੇਟ (ਹੈਪਟਾਹਾਈਡ੍ਰੇਟ) 1200 ਗ੍ਰਾਮ ਨੂੰ 600 ਗ੍ਰਾਮ ਅਣਬੁਝਿਆ ਚੂਨਾ ਨਾਲ 200 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ਜਾਂ ਜ਼ਿੰਕ ਸਲਫੇਟ (ਮੋਨੋਹਾਈਡ੍ਰੇਟ) 750 ਗ੍ਰਾਮ ਨੂੰ 375 ਗ੍ਰਾਮ ਅਣਬੁਝਿਆ ਚੂਨਾ ਨਾਲ 200 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

**ਸਿੰਚਾਈ** : ਮੱਕੀ ਨੂੰ ਵਰਖਾ ਦੇ ਅਨੁਸਾਰ 4-6 ਪਾਣੀ ਲੱਗਦੇ ਹਨ ।

**ਮੱਕੀ ਦੀ ਕਟਾਈ** : ਮੱਕੀ ਦੀ ਕਟਾਈ ਛੱਲੀਆਂ ਦੇ ਖੱਗੇ ਸੁੱਕ ਕੇ ਭੂਰੇ ਹੋ ਜਾਣ ਤੇ ਕਰ ਦੇਣੀ ਚਾਹੀਦੀ ਹੈ । ਇਸ ਸਮੇਂ ਟਾਂਡੇ ਅਤੇ ਪੱਤੇ ਥੋੜ੍ਹੇ ਹਰੇ ਹੀ ਹੁੰਦੇ ਹਨ ਪਰ ਜੇਕਰ ਖੇਤ ਜਲਦੀ ਖਾਲੀ ਕਰਨਾ ਹੋਵੇ ਤਾਂ ਟਾਂਡੇ ਛੱਲੀਆਂ ਸਮੇਤ ਹੀ ਕੱਟੇ ਜਾ ਸਕਦੇ ਹਨ ।

ਝੋਨੇ ਦੀ ਮੈਟ ਟਾਈਪ ਪਨੀਰੀ ਦੀ ਬਿਜਾਈ ਵਾਲਾ ਖੇਤ ਲੇਜ਼ਰ ਕਰਾਹੇ ਨਾਲ ਪੱਧਰ ਹੋਣਾ ਚਾਹੀਦਾ ਹੈ ਤੇ ਖੇਤਾਂ ਨੂੰ ਤਿਆਰ ਕਰਨ ਤੋਂ ਪਹਿਲਾਂ ਰੂੜੀ ਖਾਦ ਦੀ ਵਰਤੋਂ ਕਰਨੀ ਚਾਹੀਦੀ ਹੈ । ਪਨੀਰੀ ਵਾਲੀ ਖੇਤ ਵਿੱਚ ਪੱਥਰ ਜਾਂ ਕਿਸੇ ਤਰ੍ਹਾਂ ਦੀ ਸਖ਼ਤ ਵਸਤੂ ਨਹੀਂ ਹੋਣੀ ਚਾਹੀਦੀ ।



# ਝੋਨੇ ਦੀ ਮੈਟ ਟਾਈਪ ਪਨੀਰੀ ਦੀ ਬਿਜਾਈ ਦਾ ਨਵੀਨਤਮ ਹੱਲ

**ਅਜੈਬ ਸਿੰਘ, ਮਨਿੰਦਰ ਸਿੰਘ ਬੌਸ, ਅਪੂਰਵ ਪ੍ਰਕਾਸ਼,**
**ਕ੍ਰਿਸ਼ੀ ਵਿਗਿਆਨ ਕੇਂਦਰ ਹੁਸ਼ਿਆਰਪੁਰ, ਫਾਰਮ ਮਸ਼ੀਨਰੀ ਤੇ ਪਾਵਰ ਇੰਜੀਨੀਅਰਿੰਗ ਵਿਭਾਗ, ਪੀ. ਏ. ਯੂ. ਲੁਧਿਆਣਾ**

ਖੇਤਾਂ ਨੂੰ ਕੱਦੂ ਕਰਨ ਤੋਂ ਬਾਅਦ ਝੋਨੇ ਦੀ ਪਨੀਰੀ ਨੂੰ ਹੱਥ ਨਾਲ ਲਾ ਕੇ ਜ਼ਿਆਦਾਤਰ ਕਿਸਾਨਾਂ ਵਲੋਂ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਹੈ, ਜਿਸ 'ਤੇ ਲੇਬਰ ਦੀ ਬਹੁਤ ਜ਼ਿਆਦਾ ਵਰਤੋਂ ਹੁੰਦੀ ਹੈ । ਕਈ ਵਾਰ ਸਮੇਂ ਸਿਰ ਲੇਬਰ ਨਾ ਮਿਲਣ ਕਰਕੇ ਝੋਨੇ ਦੀ ਲੁਆਈ ਵਿੱਚ ਵੀ ਦੇਰੀ ਹੋ ਜਾਂਦੀ ਹੈ । ਲੇਬਰ ਵੀ ਮਨਚਾਹੇ ਪੈਸੇ ਲੈਂਦੀ ਹੈ, ਜਿਸ ਨਾਲ ਲਾਗਤ ਵਿੱਚ ਵਾਧਾ ਹੋ ਜਾਂਦਾ ਹੈ । ਇਨ੍ਹਾਂ ਕਾਰਨਾਂ ਕਰਕੇ ਕਿਸਾਨਾਂ ਦਾ ਰੁਝਾਨ ਝੋਨੇ ਦੀ ਮਸ਼ੀਨੀ ਲੁਆਈ ਵੱਲ ਵਧਿਆ ਹੈ, ਜਿਸ ਨਾਲ ਲੇਬਰ ਦੀ ਬੱਚਤ ਤੇ ਲੁਆਈ ਸਮੇਂ ਸਿਰ ਹੁੰਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਝੋਨੇ ਦੀ ਲੁਆਈ ਲਈ ਮਸ਼ੀਨਾਂ ਦੀ ਸਿਫ਼ਾਰਸ਼ ਕੀਤੀ ਹੈ। ਝੋਨੇ ਦੀ ਮਸ਼ੀਨੀ ਲੁਆਈ ਲਈ ਮੈਟ ਟਾਈਪ ਪਨੀਰੀ ਦੀ ਲੋੜ ਹੁੰਦੀ ਹੈ। ਮਸ਼ੀਨੀ ਲੁਆਈ ਦੀ ਕਾਰਜਕੁਸ਼ਲਤਾ, ਝੋਨੇ ਦੀ ਮੈਟ ਟਾਈਪ ਪਨੀਰੀ 'ਤੇ ਬਹੁਤ ਨਿਰਭਰ ਕਰਦੀ ਹੈ ਤੇ ਮੈਟਾਂ ਵਿੱਚ ਪੁੰਗਰਿਆ ਹੋਇਆ ਬੀਜ ਇਕਸਾਰ ਖਿਲਰਿਆ ਹੋਣਾ ਚਾਹੀਦਾ ਹੈ। ਰਵਾਇਤੀ ਤਰੀਕੇ ਨਾਲ 2 ਕਾਮੇ ਪ੍ਰਤੀ ਦਿਨ 4-5 ਏਕੜ ਰਕਬੇ ਦੀ ਮਸ਼ੀਨੀ ਲੁਆਈ ਲਈ ਮੈਟ ਤਿਆਰ ਕਰ ਸਕਦੇ ਹਨ । 2.5 ਏਕੜ ਰਕਬੇ ਦੀ ਮਸ਼ੀਨੀ ਲੁਆਈ ਲਈ ਲਗਭਗ 50 ਵਰਗ ਮੀਟਰ ਨਰਸਰੀ ਖੇਤਰ ਦੀ ਲੋੜ ਹੁੰਦੀ ਹੈ। ਲੇਬਰ ਦੁਆਰਾ ਮੈਟ ਟਾਈਪ ਪਨੀਰੀ ਤਿਆਰ ਕਰਨ ਲਈ ਬਹੁਤ ਸਾਰੇ ਕੰਮਾਂ (ਪਨੀਰੀ ਵਾਲਾ ਖੇਤ ਤਿਆਰ ਹੋਣ ਉਪਰੰਤ ਪਲਾਸਟਿਕ ਦੀ ਸ਼ੀਟ ਨੂੰ ਵਿਛਾਉਣਾ, ਵਿਛਾਈ ਹੋਈ ਸ਼ੀਟ 'ਤੇ ਫਰੇਮਾਂ ਨੂੰ ਰੱਖਣਾ, ਫਰੇਮ ਦੇ ਦੋਨੋਂ ਪਾਸਿਆਂ ਤੋਂ ਇਕਸਾਰ ਮਿੱਟੀ ਚੁੱਕ ਕੇ ਫਰੇਮ ਵਿੱਚ ਪਾ ਕੇ ਪੱਧਰਾ ਕਰਨਾ, ਹਰ ਖਾਨੇ ਵਿੱਚ 50-60 ਗ੍ਰਾਮ ਪੁੰਗਰੇ ਝੋਨੇ ਦੇ ਬੀਜ ਨੂੰ ਰੋਲਰ ਦੀ ਸਹਾਇਤਾ ਨਾਲ ਖਿਲਾਰਨਾ ਤਾਂ ਜੋ 2 ਜਾਂ 3 ਦਾਣੇ ਪ੍ਰਤੀ ਸੈਂਟੀਮੀਟਰ ਖੇਤਰਫਲ ਵਿੱਚ ਆਉਣ, ਬੀਜ ਨੂੰ ਮਿੱਟੀ ਦੀ ਬਾਰੀਕ ਪਰਤ ਨਾਲ ਢਕਣ ਉਪਰੰਤ ਹੱਥ ਵਾਲੇ ਫੁਹਾਰੇ ਨਾਲ ਪਾਣੀ ਦਾ ਛਿੜਕਾਅ ਕਰਨਾ ਤਾਂ ਜੋ ਮਿੱਟੀ ਜੰਮ ਜਾਵੇ, ਫਰੇਮਾਂ ਨੂੰ ਹੌਲੀ ਚੁੱਕਣਾ ਤੇ ਅੱਗੇ ਵਿਛਾਈ ਹੋਈ ਪਲਾਸਟਿਕ ਸ਼ੀਟ 'ਤੇ ਰੱਖਣਾ) ਵਿੱਚ ਬਹੁਤ ਜ਼ਿਆਦਾ ਸਮਾਂ ਲੱਗਦਾ ਹੈ ਤੇ ਕਾਮਿਆਂ ਨੂੰ ਵੀ ਬਹੁਤ ਸਰੀਰਕ ਥਕਾਵਟ ਹੁੰਦੀ ਹੈ। ਇਨ੍ਹਾਂ ਕਾਰਨਾਂ ਕਰਕੇ ਕਿਸਾਨ ਇਸ ਤਰੀਕੇ ਨੂੰ ਘੱਟ ਪਸੰਦ ਕਰਦੇ ਹਨ ।



ਝੋਨੇ ਦੀ ਮੈਟ ਟਾਈਪ ਪਨੀਰੀ ਦੀ ਬਿਜਾਈ ਨੂੰ ਆਸਾਨ ਤੇ ਤੇਜ਼ੀ ਨਾਲ ਕਰਨ ਲਈ ਸਾਲ 2021 ਦੌਰਾਨ ਪੀ.ਏ.ਯੂ. ਨੇ ਮੈਟ ਟਾਈਪ ਪਨੀਰੀ ਦੀ ਮਸ਼ੀਨੀ ਬਿਜਾਈ ਲਈ ਟਰੈਕਟਰ ਨਾਲ ਚੱਲਣ ਵਾਲੀ ਮੈਟ ਟਾਈਪ ਨਰਸਰੀ ਸੀਡਰ ਮਸ਼ੀਨ ਵਿਕਸਿਤ ਕੀਤੀ, ਜਿਸ ਨਾਲ ਆਸਾਨੀ ਨਾਲ ਮੈਟ ਤਿਆਰ ਕੀਤੇ ਜਾ ਸਕਦੇ ਹਨ । ਇਸ ਮਸ਼ੀਨ ਵਿੱਚ ਦੋਵੇਂ ਪਾਸੇ ਤੋਂ ਮਿੱਟੀ ਕੱਟਣ ਵਾਲਾ ਬਲੇਡ ਲੱਗਾ ਹੁੰਦਾ ਹੈ ਤੇ ਨਾਲ ਹੀ ਡੂੰਘਾਈ ਕੰਟਰੋਲ ਕੀਤੀ ਜਾਂਦੀ ਹੈ, ਜਿਸ ਨਾਲ ਤਿਆਰ ਕਰਨ ਵੇਲੇ ਮਿੱਟੀ ਦੀ ਕਟਾਈ ਦੀ ਮਾਤਰਾ ਨੂੰ ਨਿਰਧਾਰਤ ਕੀਤਾ ਜਾਂਦਾ ਹੈ। ਮਿੱਟੀ ਨੂੰ ਕਨਵੇਅਰ ਤੇ ਔਗਰ ਰਾਹੀਂ ਛਾਣਨੀ ਵਾਲੀ ਇਕਾਈ ਵਿੱਚ ਭੇਜਿਆ ਜਾਂਦਾ ਹੈ, ਜਿੱਥੇ ਮਿੱਟੀ ਦੇ ਛੋਟੇ ਡਲੇ ਜਾਂ ਹੋਰ ਰੋੜੇ, ਮਿੱਟੀ ਤੋਂ ਵੱਖ ਹੋ ਜਾਂਦੇ ਹਨ ਤੇ ਸਾਫ਼ ਮਿੱਟੀ ਹੌਪਰ ਵਿੱਚ ਜਾਂਦੀ ਹੈ । ਇਕ ਪੋਲੀਥੀਨ ਸ਼ੀਟ ਰੋਲ ਹੌਪਰ ਦੇ ਸਾਹਮਣੇ ਲਗਾਈ ਗਈ ਰਾਡ ਵਿੱਚ ਪਾਇਆ ਜਾਂਦਾ ਹੈ ਤਾਂ ਜੋ 1.0 ਮੀਟਰ ਚੌੜੇ ਮਿੱਟੀ ਦੇ ਬੈੱਡ 'ਤੇ ਪੋਲੀਥੀਨ ਸ਼ੀਟ (50-60 ਗੇਜ਼) ਨੂੰ ਵਿਛਾਇਆ ਜਾ ਸਕੇ ਤੇ ਉਸ 'ਤੇ ਮਿੱਟੀ ਡਿਗਦੀ ਹੋ ਜਾਵੇ । ਛਾਣਨੀ ਵਾਲੇ ਯੂਨਿਟ ਦੇ ਪਿੱਛੇ ਬੀਜ ਬਕਸਾ ਲੱਗਾ ਹੁੰਦਾ ਹੈ, ਜਿਸ ਤੋਂ ਮਿਣਤੀ ਕੀਤਾ ਝੋਨੇ ਦਾ ਬੀਜ ਮੈਟ 'ਤੇ ਡਿਗਦਾ ਹੈ, ਇਸ ਤੋਂ ਬਾਅਦ ਇਸ ਝੋਨੇ ਦੇ ਬੀਜ ਨੂੰ ਢਕਣ ਲਈ ਮਸ਼ੀਨ ਦੁਆਰਾ ਹਲਕੀ ਮਿੱਟੀ ਦੀ ਪਰਤ ਵੀ ਪਾਈ ਜਾਂਦੀ ਹੈ । ਇਹ ਮਸ਼ੀਨ ਆਸਾਨੀ ਨਾਲ 45 ਹਾਰਸ ਪਾਵਰ ਜਾਂ ਇਸ ਤੋਂ ਵੱਧ ਹਾਰਸ ਪਾਵਰ ਦੇ ਟਰੈਕਟਰ ਨਾਲ ਚਲਾਈ ਜਾ ਸਕਦੀ ਹੈ, ਜੋ ਇਕ ਦਿਨ ਵਿੱਚ ਲਗਭਗ 137-150 ਏਕੜ ਦੀ ਪਨੀਰੀ ਲਈ ਮੈਟ ਤਿਆਰ ਕਰ ਦਿੰਦੀ ਹੈ । ਇਹ ਮਸ਼ੀਨ ਔਸਤਨ 4.5-5.0 ਲੀਟਰ/ਘੰਟਾ ਡੀਜ਼ਲ ਦੀ ਖ਼ਪਤ ਕਰਦੀ ਹੈ । ਇਸ ਮਸ਼ੀਨ ਦੁਆਰਾ ਮੈਟ ਦੀ ਮੋਟਾਈ 24.1-26.3 ਮਿਲੀਮੀਟਰ ਤੱਕ ਹੁੰਦੀ ਹੈ ।

**ਪੀ.ਏ.ਯੂ. ਮੈਟ ਟਾਈਪ ਨਰਸਰੀ ਸੀਡਰ ਮਸ਼ੀਨ ਦੇ ਫ਼ਾਇਦੇ**

ਰਵਾਇਤੀ ਢੰਗ ਨਾਲ ਮੈਟ ਵਾਲੀ ਪਨੀਰੀ ਦੀ ਬਿਜਾਈ ਦੇ ਮੁਕਾਬਲੇ ਲਾਗਤ ਵਿੱਚ 61.4-64.6% ਤੇ ਮਜ਼ਦੂਰੀ ਵਿੱਚ 91.0-91.6% ਦੀ ਬੱਚਤ ।

ਪੀ.ਏ.ਯੂ. ਮੈਟ ਟਾਈਪ ਨਰਸਰੀ ਸੀਡਰ ਮਸ਼ੀਨ ਨਾਲ ਮੈਟ ਦੀ ਬਿਜਾਈ ਪ੍ਰਕਿਰਿਆ ਤੇਜ਼ ਤੇ ਨਿਰਵਿਘਨ ਹੁੰਦੀ ਹੈ, ਜਦਕਿ ਮੈਟ ਵਾਲੀ ਪਨੀਰੀ ਨੂੰ ਹੱਥੀਂ ਬਿਜਾਈ, ਹੌਲੀ ਤੇ ਜ਼ਿਆਦਾ ਸਰੀਰਕ ਥਕਾਵਟ ਵਾਲੀ ਹੁੰਦੀ ਹੈ ।

ਪੀ.ਏ.ਯੂ. ਮੈਟ ਟਾਈਪ ਨਰਸਰੀ ਸੀਡਰ ਮਸ਼ੀਨ ਬੈੱਡ ਤਿਆਰ ਕਰਨ ਦੇ ਨਾਲ, ਪੋਲੀਥੀਨ ਸ਼ੀਟ ਵਿਛਾਉਂਦੀ ਹੋਈ ਤੇ ਨਾਲ ਹੀ ਮਿੱਟੀ ਪਾਉਂਦੀ ਜਾਂਦੀ ਹੈ, ਉਸ 'ਤੇ ਬੀਜ ਵੀ ਕੇਰ ਕੇ ਨਾਲ ਦੀ ਨਾਲ ਹਲਕੀ ਮਿੱਟੀ ਦੀ ਪਰਤ ਵੀ ਵਿਛਾਉਂਦੀ ਹੈ। ਇਸ ਤਰ੍ਹਾਂ ਮਸ਼ੀਨ ਬਹੁਤ ਸਾਰੇ ਕੰਮ ਇਕ ਹੀ ਲਾਂਘੇ ਵਿੱਚ ਕਰਨ ਦੇ ਸਮਰੱਥ ਹੈ। ਮਸ਼ੀਨੀ ਦੁਆਰਾ ਬਣਾਏ ਮੈਟਾਂ ਵਿੱਚ ਝੋਨੇ ਦਾ ਬੀਜ ਇਕਸਾਰ ਖਿੱਲਰਦਾ ਹੈ ।

ਲੇਬਰ ਦੁਆਰਾ ਮੈਟ ਪਨੀਰੀ ਦੀ ਬਿਜਾਈ ਜ਼ਿਆਦਾ ਸਮਾਂ, ਘੱਟ ਸਮਰੱਥਾ ਤੇ ਜ਼ਿਆਦਾ ਸਰੀਰਕ ਥਕਾਵਟ ਹੋਣ ਕਰਕੇ ਕਈ ਕਿਸਾਨ ਵੀਰ ਝੋਨੇ ਦੀ ਮਸ਼ੀਨੀ ਲੁਆਈ ਛੱਡ ਗਏ ਸਨ, ਪਰ ਮੈਟ ਟਾਈਪ ਪਨੀਰੀ ਦੀ ਮਸ਼ੀਨੀ ਬਿਜਾਈ ਕਰਕੇ ਬਹੁਤ ਸਾਰੇ ਕਿਸਾਨ ਵੀਰ ਫਿਰ ਤੋਂ ਝੋਨੇ ਦੀ ਮਸ਼ੀਨੀ ਲੁਆਈ ਵਾਲੇ ਪਾਸੇ ਉਤਸ਼ਾਹਿਤ ਹੋਏ ਹਨ ।

**ਧਿਆਨ ਰੱਖਣ ਵਾਲੇ ਨੁਕਤੇ**

ਝੋਨੇ ਦੀ ਮੈਟ ਟਾਈਪ ਪਨੀਰੀ ਦੀ ਬਿਜਾਈ ਵਾਲਾ ਖੇਤ ਲੇਜ਼ਰ ਕਰਾਹੇ ਨਾਲ ਪੱਧਰ ਹੋਣਾ ਚਾਹੀਦਾ ਹੈ ਤਾਂ ਖੇਤਾਂ ਨੂੰ ਤਿਆਰ ਕਰਨ ਤੋਂ ਪਹਿਲਾਂ ਰੂੜੀ ਖਾਦ

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 21
ਮਿਤੀ 23-05-2026

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਭੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ


## ਨੋਟ


- ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**, Printer, Publisher and Owner of Weekly **'KHETI DUNIYAN'** Printed at **Drishti Printers**, 484, Nagra Street, Natan Wali Gali, Backside Dashmesh Market, Near Sher-e-Punjab Market, Patiala-147001 (Pb.) and published from **Kheti Duniyan**, House No. 9-A, Ajit Nagar, Patiala-147001 (Pb.). E-mail : khetiduniyan1983@gmail.com
RNI No.PUNPUN00806


# ਮਾਨਸੂਨ ਦੀ ਭਵਿੱਖਬਾਣੀ ਅਤੇ ਖੇਤੀ ਪ੍ਰਬੰਧ


**ਸਰਬਜੋਤ ਕੌਰ ਸੰਧੂ ਅਤੇ ਪਵਨੀਤ ਕੌਰ ਕਿੰਗਰਾ,**
ਜਲਵਾਯੂ ਪਰਿਵਰਤਨ ਅਤੇ ਖੇਤੀ ਮੌਸਮ ਵਿਭਾਗ, ਪੀ. ਏ. ਯੂ.,
ਲੁਧਿਆਣਾ (ਮੋਬਾਇਲ : 99142-33078)


ਭਾਰਤ ਮੌਸਮ ਵਿਭਾਗ ਨਿਯਮਤ ਤੌਰ ਤੇ ਸਾਰੇ ਦੇਸ਼ ਲਈ ਮੌਸਮ ਦੀ ਭਵਿੱਖਬਾਣੀ ਪ੍ਰਦਾਨ ਕਰਦਾ ਹੈ। ਮਾਨਸੂਨ ਦੀ ਵਰਖਾ ਦੀ ਲੰਬੇ ਸਮੇਂ ਦੀ ਭਵਿੱਖਬਾਣੀ ਤਿੰਨ ਪੜਾਵਾਂ ਵਿੱਚ ਕੀਤੀ ਜਾਂਦੀ ਹੈ- ਪਹਿਲੀ ਭਵਿੱਖਬਾਣੀ ਅਪ੍ਰੈਲ ਵਿੱਚ ਜਾਰੀ ਹੁੰਦੀ ਹੈ, ਦੂਸਰੀ ਮਈ ਅਤੇ ਤੀਸਰੀ ਜੂਨ ਵਿੱਚ ਸਮੁੰਦਰ ਦੀ ਸਤਹ ਦਾ ਤਾਪਮਾਨ, ਹਵਾਵਾਂ ਅਤੇ ਪਿਛਲੇ ਸਾਲਾਂ ਦੀ ਵਰਖਾ ਦੇ ਅਧਾਰ ਤੇ ਜਾਰੀ ਕੀਤੀ ਜਾਂਦੀ ਹੈ। ਇਹ ਭਵਿੱਖਬਾਣੀ ਦੇਸ਼ ਦੀ ਖੇਤੀਬਾੜੀ ਲਈ ਸਭ ਤੋਂ ਮਹੱਤਵਪੂਰਣ ਖੇਤੀ ਸੰਬੰਧੀ ਮੌਸਮ ਦੀਆਂ ਭਵਿੱਖਬਾਣੀਆਂ ਵਿੱਚੋਂ ਇੱਕ ਹੈ, ਖਾਸ ਕਰਕੇ ਉਹਨਾਂ ਇਲਾਕਿਆਂ ਲਈ ਜਿੱਥੇ ਫ਼ਸਲ ਬੀਜਣ ਦੇ ਫੈਸਲੇ ਵਰਖਾ ਤੇ ਨਿਰਭਰ ਕਰਦੇ ਹਨ। ਭਾਰਤ ਦੀ ਸਾਲਾਨਾ ਵਰਖਾ ਵਿੱਚੋਂ ਲਗਭਗ 75% ਵਰਖਾ ਦੱਖਣ-ਪੱਛਮੀ ਮਾਨਸੂਨ ਸਮੇਂ ਹੁੰਦੀ ਹੈ, ਜੋ ਕਿ ਸਿੰਚਾਈ ਲਈ ਜ਼ਰੂਰੀ ਜਲ ਸਰੋਤਾਂ ਨੂੰ ਭਰਦੀ ਹੈ। ਮੌਨਸੂਨ ਦੀ ਵਰਖਾ ਸਾਉਣੀ ਰੁੱਤ ਦੀਆਂ ਫ਼ਸਲਾਂ ਜਿਵੇਂ ਕਿ ਝੋਨਾ, ਮੱਕੀ, ਨਰਮਾ, ਦਾਲਾਂ ਆਦਿ ਦੀ ਖੇਤੀ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ।

ਪਹਿਲੇ ਪੜਾਅ ਦੀ ਭਵਿੱਖਬਾਣੀ ਆਮ ਤੌਰ 'ਤੇ ਵਰਖਾ ਨੂੰ ਲੰਬੇ ਸਮੇਂ ਦੇ ਔਸਤ ਦੇ ਪ੍ਰਤੀਸ਼ਤ ਵਜੋਂ ਦਰਸਾਉਂਦੀ ਹੈ। ਇਸ ਸਾਲ ਭਾਰਤ ਮੌਸਮ ਵਿਭਾਗ ਨੇ ਸਾਧਾਰਨ ਨਾਲੋਂ ਘੱਟ ਵਰਖਾ ਦਾ ਅਨੁਮਾਨ ਲਗਾਇਆ ਹੈ, ਜੋ ਮੁੱਖ ਤੌਰ 'ਤੇ ਕਮਜ਼ੋਰ ਲਾ-ਨੀਨਾ ਦੀਆਂ ਸਥਿਤੀਆਂ ਨਾਲ ਪ੍ਰਭਾਵਿਤ ਹੈ। ਇਸੇ ਤਰ੍ਹਾਂ, 2023 ਵਿੱਚ ਪਹਿਲੇ ਪੜਾਅ ਦੀ ਭਵਿੱਖਬਾਣੀ ਸਾਧਾਰਨ ਵਰਖਾ ਦੀ ਸੀ, ਜਦਕਿ 2024 ਅਤੇ 2025 ਲਈ ਭਵਿੱਖਬਾਣੀਆਂ ਸਾਧਾਰਨ ਤੋਂ ਵੱਧ ਵਰਖਾ ਦੀਆਂ ਹਨ। 2023 ਅਤੇ 2025 ਵਿੱਚ ਅਸਲ ਵਰਖਾ ਲਗਭਗ ਭਵਿੱਖਬਾਣੀ ਅਨੁਸਾਰ ਹੀ ਹੋਈ। ਜਦਕਿ 2024 ਦੌਰਾਨ ਸਾਡੇ ਦੇਸ਼ ਵਿੱਚ ਤੇ ਵਰਖਾ ਭਵਿੱਖਬਾਣੀ ਅਨੁਸਾਰ ਹੋਈ ਪਰ ਪੰਜਾਬ ਵਿੱਚ ਵਰਖਾ ਅਨੁਮਾਨ ਨਾਲੋਂ ਘੱਟ ਹੋਈ। ਇਸ ਸਾਲ (2024) ਪੰਜਾਬ ਵਿੱਚ ਸਾਧਾਰਨ ਨਾਲੋਂ 28% ਘੱਟ ਵਰਖਾ ਹੋਈ। ਇਹ ਉਦਾਹਰਨਾਂ ਦੱਸਦੀਆਂ ਹਨ ਕਿ ਕਿਵੇਂ ਮਾਨਸੂਨ ਦੀ ਪਹਿਲੀ ਭਵਿੱਖਬਾਣੀ ਦੇਸ਼ ਪੱਧਰ ਤੇ ਕਾਫੀ ਸਹੀ ਸਾਬਿਤ ਹੋ ਰਹੀ ਹੈ ਪਰ ਕਈ ਵਾਰ ਕਿਸੇ ਇੱਕ ਰਾਜ ਜਾਂ ਖੇਤਰ ਲਈ ਥੋੜ੍ਹੇ ਬਦਲਾਅ ਦਰਸਾਅ ਸਕਦੀ ਹੈ।



ਪੰਜਾਬ ਵਿੱਚ, ਪਹਿਲੇ ਪੜਾਅ ਦੀ ਮਾਨਸੂਨ ਵਰਖਾ ਦੇ ਅਨੁਮਾਨ ਦੀ ਵਰਤੋਂ ਬਹੁਤ ਹੀ ਅਹਿਮ ਹੈ ਅਤੇ ਖੇਤੀ ਸੰਬੰਧੀ ਕੰਮਾਂ ਨਾਲ ਸਿੱਧਾ ਜੁੜੀ ਹੋਈ ਹੈ। ਹਾਲਾਂਕਿ, ਪੰਜਾਬ ਚੰਗੀ ਸਿੰਚਾਈ ਪ੍ਰਣਾਲੀ ਵਾਲਾ ਰਾਜ ਹੈ ਅਤੇ ਜ਼ਿਆਦਾਤਰ ਖੇਤਰਾਂ ਵਿੱਚ ਖੇਤੀ ਵਰਖਾ ਤੇ ਨਿਰਭਰ ਨਹੀਂ ਕਰਦੀ। ਪਰ ਇਸ ਸਮੇਂ, ਪੰਜਾਬ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਦੇ ਲਗਾਤਾਰ ਘੱਟਣ ਦੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਇਸ ਲਈ ਘੱਟ ਵਰਖਾ ਵਾਲੇ ਸਾਲਾਂ ਵਿੱਚ, ਜ਼ਮੀਨ ਹੇਠਲੇ ਪਾਣੀ ਦੇ ਪੱਧਰ ਦੇ ਘੱਟਣ ਦੀ ਦਰ ਵੱਧ ਜਾਂਦੀ ਹੈ। ਇਨ੍ਹਾਂ ਹਾਲਾਤਾਂ ਵਿੱਚ, ਭਾਰਤ ਮੌਸਮ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਪਹਿਲੇ ਪੜਾਅ ਦੀ ਮੌਨਸੂਨ ਵਰਖਾ ਦਾ ਅਨੁਮਾਨ ਖੇਤੀਬਾੜੀ ਲਈ ਹੋਰ ਵੀ ਜ਼ਿਆਦਾ ਮਹੱਤਵਪੂਰਨ ਬਣ ਜਾਂਦਾ ਹੈ। ਪੰਜਾਬ ਦਾ ਮੁੱਖ ਫ਼ਸਲੀ ਚੱਕਰ ਝੋਨਾ-ਕਣਕ ਜ਼ਮੀਨੀ ਪਾਣੀ ਦੀ ਸਿੰਚਾਈ ਤੇ ਬਹੁਤ ਨਿਰਭਰ ਕਰਦਾ ਹੈ, ਅਤੇ ਲਗਾਤਾਰ ਵੱਧ ਜ਼ਮੀਨੀ ਪਾਣੀ ਦੀ ਵਰਤੋਂ ਕਰਨ ਕਰਕੇ ਰਾਜ ਵਿੱਚ ਪਾਣੀ ਦੀ ਸਤਹ ਤੇਜ਼ੀ ਨਾਲ ਘੱਟ ਰਹੀ ਹੈ। ਇਸ ਤਰ੍ਹਾਂ ਦੀ ਸਥਿਤੀ ਵਿੱਚ, ਸ਼ੁਰੂਆਤੀ ਮਾਨਸੂਨ ਵਰਖਾ ਦਾ ਅਨੁਮਾਨ ਕਿਸਾਨਾਂ ਦੀ ਜ਼ਮੀਨ ਹੇਠਲੇ ਪਾਣੀ ਤੇ ਬੇਵਜਿਬ ਨਿਰਭਰਤਾ ਘਟਾਉਣ ਵਿੱਚ ਮੱਦਦ ਕਰਦਾ ਹੈ। ਪਹਿਲੇ ਪੱਧਰ ਦੀ ਮਾਨਸੂਨ ਵਰਖਾ ਦੀ ਭਵਿੱਖਬਾਣੀ ਫ਼ਸਲ/ਕਿਸਮ ਦੀ ਚੋਣ ਕਰਨ ਵਿੱਚ ਬਹੁਤ ਲਾਹੇਵੰਦ ਸਾਬਿਤ ਹੁੰਦੀ ਹੈ। ਜਦੋਂ ਮਾਨਸੂਨ ਵਰਖਾ ਦਾ ਅਨੁਮਾਨ ਘੱਟ ਵਰਖਾ ਦਰਸਾਉਂਦਾ ਹੈ, ਕਿਸਾਨ ਪਾਣੀ ਬਚਾਉਣ ਵਾਲੀਆਂ ਰਣਨੀਤੀਆਂ ਅਪਣਾ ਸਕਦੇ ਹਨ ਜਿਵੇਂ ਕਿ ਘੱਟ ਪਾਣੀ ਵਰਤਣ ਵਾਲੀਆਂ ਫ਼ਸਲਾਂ ਜਾਂ ਕਿਸਮਾਂ ਦੀ ਬਿਜਾਈ, ਛੋਟੀ ਮਿਆਦ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਆਰ 126 ਨੂੰ ਬੀਜਣਾ। ਮਾਨਸੂਨ ਵਰਖਾ ਦੀ ਪਹਿਲੀ ਭਵਿੱਖਬਾਣੀ ਦੀ ਵਰਤੋਂ ਕਰਕੇ, ਕਿਸਾਨ ਸਿੰਚਾਈ ਦੇ ਪਾਣੀ ਦਾ ਸੁਚੱਜੇ ਢੰਗ ਨਾਲ ਪ੍ਰਬੰਧਨ ਕਰ ਸਕਦੇ ਹਨ। ਕਿਸਾਨ ਵੀਰ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਜਿਵੇਂ ਕਿ ਝੋਨੇ ਦੀ ਸਿੱਧੀ ਬਿਜਾਈ (ਤਰ-ਵੱਤਰ ਬਿਜਾਈ), ਲੇਜ਼ਰ (ਕੰਪਿਊਟਰ) ਕਰਾਹੇ ਦੀ ਵਰਤੋਂ, ਝੋਨੇ ਦੇ ਖੇਤ ਵਿੱਚ ਲਗਾਤਾਰ ਪਾਣੀ ਖੜ੍ਹਾ ਨਾ ਰੱਖਣ ਦੀ ਵਿਧੀ ਅਪਣਾ ਸਕਦੇ ਹਨ। ਇਸ ਦੇ ਨਾਲ-ਨਾਲ ਮਾਨਸੂਨ ਦੀ ਵਰਖਾ ਦਾ ਪੂਰਵ ਅਨੁਮਾਨ ਬੀਜਾਂ, ਖਾਦਾਂ ਅਤੇ ਕੀਟਨਾਸ਼ਕਾਂ ਦੀ ਖਰੀਦਦਾਰੀ ਸਮੇਤ ਨਿਵੇਸ਼ਾਂ ਦੇ ਪ੍ਰਬੰਧਨ ਵਿੱਚ ਸਹਾਇਤਾ ਕਰਦਾ ਹੈ। ਉਦਾਹਰਨ ਵਜੋਂ, ਕੀੜਿਆਂ ਅਤੇ ਬਿਮਾਰੀਆਂ ਦੇ ਹਮਲੇ ਬਾਰੇ, ਜੋ ਨਮੀ ਅਤੇ ਵਰਖਾ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਹਨ, ਨੂੰ ਵੀ ਪੂਰਵ ਅਨੁਮਾਨ ਆਧਾਰਿਤ ਭਵਿੱਖਬਾਣੀਆਂ ਅਤੇ ਖੇਤੀ ਸਲਾਹ ਦੀ ਵਰਤੋਂ ਕਰਕੇ ਜਾਣਿਆ ਜਾ ਸਕਦਾ ਹੈ ਅਤੇ ਕੀਟਨਾਸ਼ਕਾਂ ਦੀ ਵਰਤੋਂ ਘਟਾਈ ਜਾ ਸਕਦੀ ਹੈ।



ਮਾਨਸੂਨ ਵਰਖਾ ਦੀ ਭਵਿੱਖਬਾਣੀ ਵਿੱਚ ਸੁਧਾਰ ਦੇ ਬਾਵਜੂਦ, ਕੁਝ ਚੁਣੌਤੀਆਂ ਹਮੇਸ਼ਾਂ ਸਾਹਮਣੇ ਆਉਂਦੀਆਂ ਹਨ। ਭਵਿੱਖਬਾਣੀ ਨੂੰ ਰਾਸ਼ਟਰ ਪੱਧਰ 'ਤੇ ਜਾਰੀ ਕੀਤਾ ਜਾਂਦਾ ਹੈ ਅਤੇ ਭਾਰਤ ਵਰਗੇ ਵਿਭਿੰਨ ਦੇਸ਼ ਲਈ ਇਸ ਦਾ ਖੇਤਰੀ ਪੱਧਰ ਤੇ ਸਹੀ ਹੋਣਾ ਬਹੁਤ ਮਹੱਤਵਪੂਰਨ ਹੈ। ਇਸ ਲਈ, ਕਿਸਾਨਾਂ ਨੂੰ ਸਹੀ ਫੈਸਲਾ ਲੈਣ ਲਈ ਲੰਬੀ ਮਿਆਦ ਦੀ ਭਵਿੱਖਬਾਣੀ ਨੂੰ ਛੋਟੀ ਅਤੇ ਮੱਧ ਮਿਆਦ ਦੀਆਂ ਮੌਸਮੀ ਭਵਿੱਖਬਾਣੀਆਂ ਦੇ ਨਾਲ ਜੋੜ ਕੇ ਕੰਮ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਪਹਿਲੇ ਚਰਨ ਦੀ ਮਾਨਸੂਨ ਵਰਖਾ ਦੀ ਭਵਿੱਖਬਾਣੀ ਪੰਜਾਬ ਵਿੱਚ ਖੇਤੀਬਾੜੀ ਲਈ ਸਹੀ ਫੈਸਲਾ ਲੈਣ ਵਿੱਚ ਸਹਾਇਕ ਹੁੰਦੀ ਹੈ। ਜਿਸ ਤਰ੍ਹਾਂ ਮੌਸਮ ਵਿੱਚ ਬਦਲਾਅ ਵੱਧ ਰਹੇ ਹਨ, ਮੌਸਮ ਦੀਆਂ ਭਵਿੱਖਬਾਣੀਆਂ ਅਤੇ ਖੇਤੀ ਸਲਾਹਾਂ ਦੀ ਇਕੱਠੀ ਵਰਤੋਂ ਨਾਲ ਪੰਜਾਬ ਵਿੱਚ ਖੇਤੀ ਨੂੰ ਲਾਹੇਵੰਦ ਬਣਾਇਆ ਜਾ ਸਕਦਾ ਹੈ। ਇਸ ਲਈ ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਫ਼ਸਲ ਅਤੇ ਹੋਰ ਖੇਤੀਬਾੜੀ ਕਾਰਜਾਂ ਦੀ ਯੋਜਨਾ ਬਣਾਉਣ ਤੋਂ ਪਹਿਲਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤੀ ਜਾਣ ਵਾਲੀ ਮੌਸਮ ਦੀ ਭਵਿੱਖਬਾਣੀ ਅਤੇ ਖੇਤੀ ਸਲਾਹਾਂ ਦੀ ਵਰਤੋਂ ਕਰਨ। ਰੋਜ਼ਾਨਾ ਮੌਸਮ ਦੀ ਭਵਿੱਖਬਾਣੀ ਅਤੇ ਹਫਤਾਵਾਰੀ ਮੌਸਮ ਆਧਾਰਿਤ ਖੇਤੀ ਸਲਾਹ ਯੂਨੀਵਰਸਿਟੀ ਦੀ ਵੈੱਬਸਾਈਟ (www.pau.edu) ਤੇ ਉਪਲਬਧ ਹੁੰਦੀ ਹੈ।

# ਸਾਉਣੀ ਰੁੱਤ ਦੀਆਂ ਮੁੱਖ ਫ਼ਸਲਾਂ ਵਿੱਚ ਅੰਤਰ-ਫ਼ਸਲਾਂ ਦੀ ਕਾਸ਼ਤ

ਫ਼ਤਿਹਜੀਤ ਸਿੰਘ ਸੇਖੋਂ ਅਤੇ ਵਿਵੇਕ ਕੁਮਾਰ,
ਫ਼ਾਰਮ ਸਲਾਹਕਾਰ ਸੇਵਾ ਕੇਂਦਰ, ਫ਼ਰੀਦਕੋਟ (ਮੋਬਾਇਲ 82848-00299)

ਅੰਤਰ ਫ਼ਸਲਾਂ ਦੀ ਕਾਸ਼ਤ ਕਰਨ ਦਾ ਮੁੱਖ ਮੰਤਵ ਸੀਮਤ ਜ਼ਮੀਨ ਅਤੇ ਸਰੋਤਾਂ ਤੋਂ ਵਧੇਰੇ ਆਮਦਨ ਪ੍ਰਾਪਤ ਕਰਨਾ ਹੁੰਦਾ ਹੈ। ਇਸ ਦੇ ਨਾਲ-ਨਾਲ ਇਹ ਫ਼ਸਲੀ ਵਿਭਿੰਨਤਾ ਵਿੱਚ ਵੀ ਵਾਧਾ ਹੁੰਦਾ ਹੈ। ਅੰਤਰ-ਫ਼ਸਲੀ ਕਾਸ਼ਤ ਲਈ ਚੁਣੀਆਂ ਜਾਣ ਵਾਲੀਆਂ ਫ਼ਸਲਾਂ ਵਿੱਚ ਕੁਝ ਖਾਸ ਗੁਣ ਹੋਣੇ ਜ਼ਰੂਰੀ ਹਨ ਜਿਵੇਂ ਕਿ ਇਹ ਫ਼ਸਲਾਂ ਮਧਰੀਆਂ ਅਤੇ ਖੜਵੀਆਂ ਹੋਣੀਆਂ ਚਾਹੀਦੀਆਂ ਹਨ, ਇਹਨਾਂ ਦਾ ਵਾਧਾ ਥੋੜਾ ਅਤੇ ਹੌਲੀ-ਹੌਲੀ ਹੋਣਾ ਚਾਹੀਦਾ ਹੈ, ਤਾਂ ਜੋ ਇਹਨਾਂ ਦੀ ਛਾਂ ਦਾ ਪ੍ਰਭਾਵ ਘੱਟ ਹੋਵੇ, ਖੁਰਾਕੀ ਤੱਤਾਂ ਅਤੇ ਪਾਣੀ ਦੀ ਜ਼ਰੂਰਤ ਘੱਟ ਹੋਣੀ ਚਾਹੀਦੀ ਹੈ ਅਤੇ ਇਹ ਫ਼ਸਲਾਂ ਘੱਟ ਸਮੇਂ ਵਿੱਚ ਪੱਕਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਮੁੱਖ ਫ਼ਸਲ ਦੀਆਂ ਕਤਾਰਾਂ ਵਿਚਕਾਰ ਫ਼ਾਸਲਾ ਸਹੀ ਕਰਕੇ ਅੰਤਰ-ਫ਼ਸਲਾਂ ਦੀ ਕਾਸ਼ਤ ਕਰਨ ਨਾਲ ਫ਼ਸਲਾਂ ਦੇ ਝਾੜ ਤੇ ਕੋਈ ਵੀ ਮਾੜਾ ਅਸਰ ਨਹੀਂ ਪੈਂਦਾ ਬਲਕਿ ਦੋਹਾਂ ਫ਼ਸਲਾਂ (ਮੁੱਖ ਫ਼ਸਲ ਅਤੇ ਅੰਤਰ ਫ਼ਸਲ) ਨੂੰ ਇੱਕ ਦੂਜੇ ਤੋਂ ਫ਼ਾਇਦਾ ਪਹੁੰਚਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਅੰਤਰ-ਫ਼ਸਲੀ ਕਾਸ਼ਤ ਲਈ ਵੱਖ-ਵੱਖ ਫ਼ਸਲਾਂ ਵਿੱਚ ਬਹੁਤ ਸਾਰੀਆਂ ਅੰਤਰ ਫ਼ਸਲਾਂ ਦੀ ਸਿਫ਼ਾਰਿਸ਼ ਕੀਤੀ ਗਈ ਹੈ ਜੋ ਹੇਠ ਲਿਖੇ ਅਨੁਸਾਰ ਹੈ।

## ਮੱਕੀ ਵਿੱਚ ਰਵਾਂਹ (ਚਾਰੇ ਲਈ) ਜਾਂ ਮੱਕੀ (ਚਾਰੇ ਲਈ) ਜਾਂ ਸੋਇਆਬੀਨ ਜਾਂ ਮੂੰਗਫਲੀ

ਪਕਾਵੀਂ ਮੱਕੀ ਨੂੰ 60 ਸੈਂਟੀਮੀਟਰ ਦੀ ਦੂਰੀ ਤੇ ਕਤਾਰਾਂ ਵਿੱਚ ਬੀਜ ਕੇ ਉਸ ਵਿੱਚ ਇਕ ਕਤਾਰ ਰਵਾਂਹ (ਚਾਰੇ ਵਾਸਤੇ) ਜਾਂ ਮੱਕੀ (ਚਾਰੇ ਵਾਸਤੇ) ਜਾਂ ਸੋਇਆਬੀਨ ਜਾਂ ਮੂੰਗਫਲੀ ਨੂੰ ਅੰਤਰ-ਫ਼ਸਲਾਂ ਦੇ ਤੌਰ ਤੇ ਉਗਾਉਣ ਨਾਲ ਨਿਰੋਲ ਫ਼ਸਲ ਦੇ ਮੁਕਾਬਲੇ ਵਧੇਰੇ ਝਾੜ ਅਤੇ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ। ਮੱਕੀ ਨੂੰ ਸਿਫ਼ਾਰਿਸ਼ ਕੀਤੀਆਂ ਖਾਦਾਂ ਅਤੇ ਅੰਤਰ-ਫ਼ਸਲਾਂ ਨੂੰ ਖੇਤਰਫਲ ਦੇ ਆਧਾਰ ਤੇ ਸਿਫ਼ਾਰਸ਼ ਅਨੁਸਾਰ ਬੀਜ ਅਤੇ ਖਾਦਾਂ ਪਾਉਣੀਆਂ ਚਾਹੀਦੀਆਂ ਹਨ। ਮੱਕੀ ਅਤੇ ਰਵਾਂਹ ਨੂੰ ਬਿਜਾਈ ਤੋਂ 45-55 ਦਿਨਾਂ ਬਾਅਦ ਚਾਰੇ ਲਈ ਕੱਟ ਲੈਣਾ ਚਾਹੀਦਾ ਹੈ। ਮੱਕੀ ਵਿੱਚ ਨਦੀਨਾਂ ਦੀ ਰੋਕਥਾਮ ਲਈ ਇਸ ਦੀਆਂ ਕਤਾਰਾਂ ਵਿੱਚ ਇੱਕ ਜਾਂ ਦੋ ਕਤਾਰਾਂ ਰਵਾਂਹ ਦੀਆਂ ਬੀਜਣ ਅਤੇ ਇਸ ਨੂੰ ਬੀਜਣ ਤੋਂ ਲਗਭਗ 45 ਦਿਨਾਂ ਬਾਅਦ ਹਰੇ ਚਾਰੇ ਵਾਸਤੇ ਕੱਟਣਾ ਚਾਹੀਦਾ ਹੈ। ਇਸ ਪਿੱਛੋਂ ਮੱਕੀ ਵਿੱਚ ਨਦੀਨਾਂ ਦੀ ਕੋਈ ਸਮੱਸਿਆ ਨਹੀਂ ਆਉਂਦੀ।





## ਨਰਮੇ ਵਿੱਚ ਰਵਾਂਹ (ਚਾਰੇ ਲਈ) ਜਾਂ ਮੱਕੀ (ਚਾਰੇ ਲਈ) ਜਾਂ ਸਣ (ਹਰੀ ਖਾਦ ਲਈ)

ਨਰਮੇ ਵਿੱਚ ਰਵਾਂਹ ਜਾਂ ਮੱਕੀ ਦੀ ਚਾਰੇ ਦੀ ਅੰਤਰ-ਫ਼ਸਲ ਲਈ ਨਰਮੇ ਨੂੰ 67.5 ਸੈਂਟੀਮੀਟਰ ਕਤਾਰਾਂ ਵਿੱਚ ਬੀਜ ਕੇ ਉਸ ਵਿੱਚ ਇਕ ਕਤਾਰ ਮੱਕੀ ਜਾਂ ਰਵਾਂਹ ਦੀ ਅੰਤਰ-ਫ਼ਸਲਾਂ ਦੇ ਤੌਰ ਤੇ ਉਗਾਈ ਜਾ ਸਕਦੀ ਹੈ। ਇਸ ਨਾਲ ਨਿਰੋਲ ਨਰਮੇ ਦੀ ਫ਼ਸਲ ਦੇ ਮੁਕਾਬਲੇ ਵਧੇਰੇ ਝਾੜ ਅਤੇ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ। ਨਰਮੇ ਨੂੰ ਸਿਫ਼ਾਰਸ਼ ਕੀਤੀਆਂ ਖਾਦਾਂ ਅਤੇ ਅੰਤਰ-ਫ਼ਸਲਾਂ ਨੂੰ ਖੇਤਰਫਲ ਦੇ ਆਧਾਰ ਤੇ ਸਿਫ਼ਾਰਸ਼ ਅਨੁਸਾਰ ਬੀਜ ਅਤੇ ਖਾਦਾਂ ਪਾਉਣੀਆਂ ਚਾਹੀਦੀਆਂ ਹਨ। ਮੱਕੀ ਅਤੇ ਰਵਾਂਹ ਨੂੰ ਬਿਜਾਈ ਤੋਂ 45-55 ਦਿਨਾਂ ਬਾਅਦ ਚਾਰੇ ਲਈ ਕੱਟ ਲੈਣਾ ਚਾਹੀਦਾ ਹੈ। ਇਸੇ ਤਰ੍ਹਾਂ, ਨਰਮੇ ਵਿੱਚ ਸਣ ਦੀ ਹਰੀ ਖਾਦ ਲਈ ਅੰਤਰ-ਫ਼ਸਲੀ ਕਾਸ਼ਤ ਕੀਤੀ ਜਾ ਸਕਦੀ ਹੈ। ਇਸਦੇ ਲਈ ਨਰਮੇ ਨੂੰ 67.5 ਸੈਂਟੀਮੀਟਰ ਕਤਾਰਾਂ ਵਿੱਚ ਬੀਜ ਕੇ ਉਸ ਵਿੱਚ 22.5 ਸੈ.ਮੀ. ਦੇ ਫਾਸਲੇ ਤੇ ਸਣ ਦੀਆਂ ਦੋ ਕਤਾਰਾਂ 13 ਕਿਲੋ ਬੀਜ ਪ੍ਰਤੀ ਏਕੜ ਵਰਤਦੇ ਹੋਏ ਬੀਜਣੀਆਂ ਚਾਹੀਦੀਆਂ ਹਨ। ਪਹਿਲੀ ਸਿੰਚਾਈ ਤੋਂ ਬਾਅਦ (35-40 ਦਿਨਾਂ ਤੇ) ਸਣ ਦੀ ਫ਼ਸਲ ਨੂੰ ਹਰੀ ਖਾਦ ਦੇ ਤੌਰ ਤੇ ਮਿੱਟੀ ਵਿੱਚ ਮਿਲਾ ਦੇਣਾ ਚਾਹੀਦਾ ਹੈ। ਇਸ ਤਰੀਕੇ ਨਾਲ ਨਰਮੇ ਦੇ ਝਾੜ ਵਿੱਚ ਵਾਧਾ ਹੁੰਦਾ ਹੈ ਅਤੇ ਮਿੱਟੀ ਦੀ ਭੌਤਿਕ ਗੁਣਵੱਤਾ ਜਿਵੇਂ ਕਿ ਬਣਤਰ ਅਤੇ ਪਾਣੀ ਸੰਭਾਲਣ ਦੀ ਸਮਰੱਥਾ ਵਿੱਚ ਸੁਧਾਰ ਹੁੰਦਾ ਹੈ।

## ਮਾਂਹ ਵਿੱਚ ਮੱਕੀ

ਮਾਂਹ ਦੀ ਫ਼ਸਲ ਤੋਂ ਜ਼ਿਆਦਾ ਆਰਥਿਕ ਲਾਭ ਪ੍ਰਾਪਤ ਕਰਨ ਲਈ 30 ਸੈਂਟੀਮੀਟਰ ਦੇ ਫ਼ਾਸਲੇ ਤੇ ਬੀਜੀ ਗਈ ਮਾਂਹ ਦੀ ਹਰ ਪੰਜਵੀਂ ਕਤਾਰ ਵਿੱਚ ਅੰਤਰ-ਫ਼ਸਲ ਵਜੋਂ ਮੱਕੀ ਦੀ ਬਿਜਾਈ ਕੀਤੀ ਜਾ ਸਕਦੀ ਹੈ। ਬਿਜਾਈ ਸਮੇਂ ਕਤਾਰਾਂ ਦੀ ਦਿਸ਼ਾ ਉੱਤਰ-ਦੱਖਣ ਵੱਲ ਹੋਣੀ ਚਾਹੀਦੀ ਹੈ। ਇਸ ਰਲਵੀਂ ਫ਼ਸਲ ਲਈ ਬਿਜਾਈ ਸਮੇਂ ਖਾਦਾਂ ਦੀ ਮਾਤਰਾ ਮਾਂਹ ਦੀ ਫ਼ਸਲ ਨੂੰ ਕੀਤੀ ਗਈ ਸਿਫ਼ਾਰਸ਼ ਵਾਲੀ ਹੀ ਰੱਖਣੀ ਚਾਹੀਦੀ ਹੈ। ਮੱਕੀ ਦੀ ਫ਼ਸਲ ਲਈ ਬਾਕੀ ਨਾਈਟਰੋਜਨ ਖਾਦ, ਰਕਬੇ ਦੀ ਅਨੁਪਾਤ ਨਾਲ ਸਿਫ਼ਾਰਸ਼ ਕੀਤੀ ਮਾਤਰਾ ਦੇ ਅਨੁਸਾਰ ਸਿਆੜਾਂ ਵਿੱਚ ਪਾਉਣੀ ਚਾਹੀਦੀ ਹੈ।

## ਅਰਹਰ ਵਿੱਚ ਮੂੰਗੀ

ਅਰਹਰ ਦਾ ਸ਼ੁਰੂਆਤੀ ਵਾਧਾ ਬਹੁਤ ਹੌਲੀ ਹੁੰਦਾ ਹੈ ਇਸ ਲਈ ਮੂੰਗੀ ਦੀ ਅੰਤਰ-ਫ਼ਸਲ ਅਰਹਰ ਦੀਆਂ ਲਾਈਨਾਂ ਵਿਚਕਾਰ ਕਾਮਯਾਬੀ ਨਾਲ ਉਗਾਈ ਜਾ ਸਕਦੀ ਹੈ। ਇਸ ਫ਼ਸਲ ਤੋਂ ਤਕਰੀਬਨ 1.2 ਕੁਇੰਟਲ ਉਪਜ ਪ੍ਰਤੀ ਏਕੜ ਮਿਲ ਜਾਂਦੀ ਹੈ ਅਤੇ ਅਰਹਰ ਦੀ ਫ਼ਸਲ ਨੂੰ ਕੋਈ ਨੁਕਸਾਨ ਨਹੀਂ ਹੁੰਦਾ।

ਅੰਤਰ-ਫ਼ਸਲਾਂ ਦੀ ਕਾਸ਼ਤ ਕੁੱਲ ਉਪਜ ਅਤੇ ਸ਼ੁੱਧ ਆਮਦਨ ਵਧਾਉਣ ਲਈ, ਮਨੁੱਖੀ ਅਤੇ ਕੁਦਰਤੀ ਸਰੋਤਾਂ ਦੀ ਉਪਯੋਗਤਾ ਵਧਾਉਣ ਲਈ ਅਤੇ ਜ਼ਮੀਨ ਦੀ ਫ਼ਸਲੀ ਵਿਭਿੰਨਤਾ ਨੂੰ ਪੂਰਾ ਕਰਨ ਲਈ ਬਹੁਤ ਹੀ ਲਾਹੇਵੰਦ ਤਕਨੀਕ ਹੈ।






**ਸੂਰਜ ਦੀ ਗਰਮੀ ਸਾਡੀ ਊਰਜਾ ਨੂੰ ਪੂਰੀ ਤਰ੍ਹਾਂ ਖਤਮ ਕਰ ਸਕਦੀ ਹੈ। ਪਸੀਨੇ ਰਾਹੀਂ ਸਰੀਰ 'ਚੋਂ ਕਾਫੀ ਪਾਣੀ ਬਾਹਰ ਨਿਕਲ ਜਾਂਦਾ ਹੈ। ਪਾਣੀ ਦੀ ਕਮੀ ਪੂਰਾ ਕਰਨ ਲਈ ਜੇ ਪਾਣੀ ਅਤੇ ਪੀਣ ਵਾਲੇ ਤਰਲ ਮੌਕੇ 'ਤੇ ਨਾ ਮਿਲਦੇ ਹੋਣ ਜਾਂ ਕੰਮ ਦੇ ਰੁਝੇਵੇਂ 'ਚ ਪਿਆਸ ਦਾ ਖਿਆਲ ਹੀ ਨਾ ਕੀਤਾ ਜਾਵੇ ਤਾਂ ਪਾਣੀ ਦੀ ਘਾਟ - 'ਡੀਹਾਈਡ੍ਰੇਸ਼ਨ' ਹੋ ਜਾਂਦੀ ਹੈ ਅਤੇ ਬੰਦੇ ਨੂੰ ਲੂ ਲੱਗਣ ਦਾ ਖਦਸ਼ਾ ਵਧ ਜਾਂਦਾ ਹੈ। ਇਸ ਨਾਲ ਮੌਤ ਵੀ ਹੋ ਸਕਦੀ ਹੈ। ਜਦ ਪਸੀਨਾ ਆਉਣਾ ਬੰਦ ਹੋ ਜਾਵੇ ਤੇ ਸਰੀਰ ਦਾ ਤਾਪਮਾਨ 104 ਡਿਗਰੀ ਫਾਰਨਹੀਟ ਤੋਂ ਉਪਰ ਹੋ ਜਾਵੇ ਤਾਂ ਸਮਝੋ ਕਿ ਬੰਦੇ ਨੂੰ ਲੂ ਲੱਗ ਗਈ ਹੈ।**

# ਗਰਮੀਆਂ ਦੇ ਦਿਨਾਂ ਵਿੱਚ ਆਪਣੀ ਸਿਹਤ ਦਾ ਰੱਖੋ ਧਿਆਨ

ਲੂ ਲੱਗਣਾ ਗਰਮੀ ਦੇ ਮੌਸਮ ਦਾ ਰੋਗ ਅਤੇ ਵੱਡੀ ਸਮੱਸਿਆ ਹੈ। ਸੂਰਜ ਦੀ ਤਪਸ਼ ਅੱਗ ਵਰ੍ਹਾਉਂਦੀ ਪਈ ਹੈ ਅਤੇ ਛੋਟੇ ਬੱਚੇ, ਬਜ਼ੁਰਗ, ਕਮਜ਼ੋਰ ਜਾਂ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੇ ਰੋਗ ਤੋਂ ਪੀੜਤ ਵਿਅਕਤੀ ਲੂ ਦੀ ਲਪੇਟ 'ਚ ਛੇਤੀ ਆ ਜਾਂਦੇ ਹਨ। ਸੜਕਾਂ 'ਤੇ ਰੇਹੜੀ, ਰਿਕਸ਼ਾ-ਟਾਂਗਾ ਚਾਲਕ, ਦਿਹਾੜੀਦਾਰ-ਮਜ਼ਦੂਰ, ਕਾਮੇ, ਯਾਤਰੀ ਅਤੇ ਭਿਖਾਰੀ ਆਦਿ ਵੀ ਸੂਰਜ ਦੀਆਂ ਗਰਮ ਹਵਾਵਾਂ ਦੇ ਚਲਦਿਆਂ ਲੂ ਦਾ ਸ਼ਿਕਾਰ ਹੋਣ ਕਾਰਨ ਬੇਹੋਸ਼ ਹੋ ਕੇ ਡਿਗ ਪੈਂਦੇ ਹਨ। ਸੂਰਜ ਦੀ ਗਰਮੀ ਸਾਡੀ ਊਰਜਾ ਨੂੰ ਪੂਰੀ ਤਰ੍ਹਾਂ ਖਤਮ ਕਰ ਸਕਦੀ ਹੈ। ਪਸੀਨੇ ਰਾਹੀਂ ਸਰੀਰ 'ਚੋਂ ਕਾਫੀ ਪਾਣੀ ਬਾਹਰ ਨਿਕਲ ਜਾਂਦਾ ਹੈ। ਪਾਣੀ ਦੀ ਕਮੀ ਪੂਰਾ ਕਰਨ ਲਈ ਜੇ ਪਾਣੀ ਅਤੇ ਪੀਣ ਵਾਲੇ ਤਰਲ ਮੌਕੇ 'ਤੇ ਨਾ ਮਿਲਦੇ ਹੋਣ ਜਾਂ ਕੰਮ ਦੇ ਰੁਝੇਵੇਂ 'ਚ ਪਿਆਸ ਦਾ ਖਿਆਲ ਹੀ ਨਾ ਕੀਤਾ ਜਾਵੇ ਤਾਂ ਪਾਣੀ ਦੀ ਘਾਟ-'ਡੀਹਾਈਡ੍ਰੇਸ਼ਨ' ਹੋ ਜਾਂਦੀ ਹੈ ਅਤੇ ਬੰਦੇ ਨੂੰ ਲੂ ਲੱਗਣ ਦਾ ਖਦਸ਼ਾ ਵਧ ਜਾਂਦਾ ਹੈ। ਇਸ ਨਾਲ ਮੌਤ ਵੀ ਹੋ ਸਕਦੀ ਹੈ। ਜਦ ਪਸੀਨਾ ਆਉਣਾ ਬੰਦ ਹੋ ਜਾਵੇ ਤੇ ਸਰੀਰ ਦਾ ਤਾਪਮਾਨ 104 ਡਿਗਰੀ ਫਾਰਨਹੀਟ ਤੋਂ ਉਪਰ ਹੋ ਜਾਵੇ ਤਾਂ ਸਮਝੋ ਕਿ ਬੰਦੇ ਨੂੰ ਲੂ ਲੱਗ ਗਈ ਹੈ। ਗਰਮੀਆਂ 'ਚ ਮਲੇਰੀਆ, ਟਾਇਫਾਇਡ ਜਾਂ ਕਿਸੇ ਹੋਰ ਰੋਗ ਕਾਰਨ ਬੁਖਾਰ ਚੜ੍ਹ ਜਾਵੇ ਤਾਂ ਪਾਣੀ ਦੀ ਘਾਟ, ਲੂ ਲੱਗਣ ਦਾ ਕਾਰਨ ਬਣਦੀ ਜਾਂਦੀ ਹੈ। ਗਰਮੀ ਦੇ ਮੌਸਮ 'ਚ ਤਾਪਮਾਨ 40-45 ਡਿਗਰੀ ਸੈਂਟੀਗ੍ਰੇਡ ਤੱਕ ਪਹੁੰਚ ਜਾਂਦਾ ਹੈ ਅਤੇ ਤੇਜ਼ ਧੁੱਪ ਕਾਰਨ ਸੂਰਜ ਦੀਆਂ ਤੇਜ਼ ਕਿਰਨਾਂ ਚਮੜੀ ਹੀ ਝੁਲਸਾ ਦਿੰਦੀਆਂ ਹਨ। ਅਜਿਹੇ ਮੌਸਮ 'ਚ ਆਪਣਾ ਧਿਆਨ ਸਨਬਰਨ, ਸਕਿਨ 'ਚ ਜਲਣ, ਲੂ ਲੱਗਣ ਦਾ ਡਰ ਬਣਿਆ ਰਹਿੰਦਾ ਹੈ, ਕਦੇ-ਕਦੇ ਤਾਂ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਸਨਬਰਨ ਅਤੇ ਚਮੜੀ ਦੀ ਜਲਣ ਤੋਂ ਬਚਾਅ ਲਈ ਕਈ ਤਰ੍ਹਾਂ ਦੇ ਲੋਸ਼ਨ ਅਤੇ ਕਰੀਮਾਂ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰ ਲੂ ਲੱਗਣ ਨਾਲ ਸਿਹਤ ਬਹੁਤ ਜ਼ਿਆਦਾ ਵਿਗੜ ਵੀ ਸਕਦੀ ਹੈ, ਗਰਮੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਆਪਣੇ ਆਪ ਨੂੰ ਬਚਾਉਣਾ ਚਾਹੀਦਾ ਹੈ। ਜੇਕਰ ਕਿਸੇ ਮੈਦਾਨੀ ਖੇਤਰ ਦਾ ਤਾਪਮਾਨ 40 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੱਧ ਤੱਕ ਪਹੁੰਚ ਜਾਂਦਾ ਹੈ, ਤਾਂ ਇਸ ਸਥਿਤੀ ਨੂੰ ਗਰਮੀ ਦੀ ਲਹਿਰ ਕਿਹਾ ਜਾਂਦਾ ਹੈ। ਮਈ ਅਤੇ ਜੂਨ ਦੇ ਮਹੀਨਿਆਂ ਦੌਰਾਨ ਗਰਮੀ ਦੀਆਂ ਲਹਿਰਾਂ ਚੱਲਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ ਅਤੇ ਇਸ ਸਮੇਂ ਦੌਰਾਨ ਆਮ ਲੋਕਾਂ ਦੇ ਨਾਲ-ਨਾਲ ਖਾਸ ਕਰਕੇ ਉਨ੍ਹਾਂ ਲੋਕਾਂ, ਜਿਹੜੇ ਜੋਖਮ ਸ਼੍ਰੇਣੀ 'ਚ ਆਉਂਦੇ ਹਨ, ਨੂੰ ਚੌਕਸ ਰਹਿਣ ਦੀ ਲੋੜ ਹੈ।

ਨਵਜੰਮੇ ਅਤੇ ਛੋਟੇ ਬੱਚਿਆਂ, ਗਰਭਵਤੀ ਔਰਤਾਂ, 65 ਸਾਲ ਜਾਂ ਵੱਧ ਉਮਰ ਦੇ ਬਜ਼ੁਰਗ, ਮਜ਼ਦੂਰ-ਦਿਹਾੜੀਦਾਰ, ਮੋਟਾਪੇ ਤੋਂ ਪੀੜਤ ਵਿਅਕਤੀ, ਮਾਨਸਿਕ ਰੋਗੀ, ਜੋ ਸਰੀਰਕ ਤੌਰ 'ਤੇ ਬਿਮਾਰ ਹਨ, ਖਾਸ ਕਰਕੇ ਜਿਨ੍ਹਾਂ ਨੂੰ ਦਿਲ ਦੀ ਬਿਮਾਰੀ ਜਾਂ ਹਾਈ ਬਲੱਡ ਪ੍ਰੈਸ਼ਰ ਹੈ, ਉਹ ਵਧੇਰੇ ਜੋਖਮ ਸ਼੍ਰੇਣੀ 'ਚ ਆਉਂਦੇ ਹਨ।

ਹਰ ਸਾਲ ਗਰਮੀ ਦੇ ਮੌਸਮ 'ਚ ਲੂ ਲੱਗਣ ਦੇ ਕੇਸਾਂ ਬਾਰੇ ਖਬਰਾਂ ਸੁਣੀਦੀਆਂ ਹਨ, ਪਰ ਜੇ ਗਰਮੀ ਦੀ ਲਹਿਰ ਦੌਰਾਨ ਸਾਵਧਾਨੀਆਂ ਵਰਤੀਆਂ ਜਾਣ ਤਾਂ ਲੂ ਲੱਗਣ ਤੋਂ ਆਪਣੇ ਆਪ ਨੂੰ ਬਚਾਇਆ ਜਾ ਸਕਦਾ ਹੈ। ਲੂ ਜਾਂ ਹੀਟ ਸਟ੍ਰੋਕ ਤੋਂ ਬਚਣ ਲਈ ਕੀ ਕਰਨਾ ਅਤੇ ਕੀ ਨਹੀਂ ਕਰਨਾ ਚਾਹੀਦਾ।

## ਇਸ ਗਰਮੀ ਦੇ ਮੌਸਮ 'ਚ ਕੀ ਕਰਨਾ ਚਾਹੀਦਾ ਹੈ ?

ਘਰ ਤੋਂ ਬਾਹਰ ਦੇ ਕੰਮ, ਦਿਨ ਦੇ ਠੰਢੇ ਸਮੇਂ ਜਿਵੇਂ ਕਿ ਸਵੇਰ ਅਤੇ ਸ਼ਾਮ ਸਮੇਂ ਕੀਤੇ ਜਾਣੇ ਚਾਹੀਦੇ ਹਨ। ਪਿਆਸ ਨਾ ਲੱਗਣ 'ਤੇ ਵੀ ਹਰ ਘੰਟੇ ਬਾਅਦ ਪਾਣੀ ਜ਼ਰੂਰ ਪੀਓ। ਪਰ ਮਿਰਗੀ ਜਾਂ ਦਿਲ ਦੀ ਬਿਮਾਰੀ, ਗੁਰਦੇ ਜਾਂ ਜਿਗਰ ਦੀ ਬਿਮਾਰੀ ਵਾਲੇ ਲੋਕ ਜੋ ਤਰਲ-ਪ੍ਰਤੀਬੰਧਿਤ ਖੁਰਾਕ 'ਤੇ ਹਨ, ਉਨ੍ਹਾਂ ਨੂੰ ਪਾਣੀ ਦੀ ਮਾਤਰਾ ਵਧਾਉਣ ਸੰਬੰਧੀ ਡਾਕਟਰੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

ਬਾਹਰ ਕੰਮ ਕਰਦੇ ਰੰਗ ਅਤੇ ਸਰੀਰ ਨੂੰ ਪੂਰੇ ਢਕਣ ਵਾਲੇ ਕੱਪੜੇ ਪਾਓ। ਕੋਸ਼ਿਸ਼ ਕਰੋ ਕਿ ਗਰਮੀਆਂ 'ਚ ਸਿਰਫ ਸੂਤੀ ਕੱਪੜੇ ਹੀ ਪਹਿਨੇ ਜਾਣ। ਸਿੱਧੀ ਧੁੱਪ ਤੋਂ ਆਪਣੇ ਸਿਰ ਨੂੰ ਢੱਕਣ ਲਈ ਛਤਰੀ, ਟੋਪੀ, ਤੌਲੀਆ, ਪੱਗ ਜਾਂ ਦੁਪੱਟੇ ਆਦਿ ਦੀ ਵਰਤੋਂ ਕਰੋ। ਨੰਗੇ ਪੈਰੀਂ ਬਾਹਰ ਨਾ ਨਿਕਲੋ, ਧੁੱਪ 'ਚ ਬਾਹਰ ਜਾਣ ਵੇਲੇ ਹਮੇਸ਼ਾਂ ਜੁੱਤੀ-ਬੂਟ ਜਾਂ ਚੱਪਲਾਂ ਪਾਓ।

ਧੁੱਪ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਸਰੀਰ ਦਾ ਤਾਪਮਾਨ ਸਹੀ ਬਰਕਰਾਰ ਰੱਖਣ ਲਈ ਛਾਂ 'ਚ ਆਰਾਮ ਕਰਨਾ ਚਾਹੀਦਾ ਹੈ ਜਾਂ ਸਿਰ 'ਤੇ ਗਿੱਲਾ ਕੱਪੜਾ ਰੱਖਣਾ ਚਾਹੀਦਾ ਹੈ। ਧੁੱਪ 'ਚ ਨਿਕਲਦੇ ਸਮੇਂ ਹਮੇਸ਼ਾ ਪਾਣੀ ਨਾਲ ਰੱਖੋ।

ਮੌਸਮੀ ਫਲ ਅਤੇ ਸਲਾਦ ਜਿਵੇਂ ਕਿ ਅੰਬ, ਤਰਬੂਜ਼, ਖਰਬੂਜ਼ਾ, ਸੰਤਰਾ, ਅੰਗੂਰ, ਖੀਰਾ, ਮੂਲੀ, ਪਿਆਜ਼ ਅਤੇ ਟਮਾਟਰ ਆਦਿ ਖਾਓ, ਕਿਉਂਕਿ ਇਨ੍ਹਾਂ 'ਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਨ੍ਹਾਂ ਤੋਂ ਇਲਾਵਾ ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਅਤੇ ਸੱਤੂ ਵਰਗੇ ਘਰੇਲੂ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਅਤੇ ਸੇਵਨ ਵਧਾਓ।

ਆਪਣੀ ਚਮੜੀ ਦੀ ਸੁਰੱਖਿਆ ਲਈ ਸਨਸਕ੍ਰੀਨ ਅਤੇ ਅੱਖਾਂ ਦੀ ਸੁਰੱਖਿਆ ਲਈ ਗੂੜ੍ਹੇ ਚਸ਼ਮੇ ਲਾਓ। ਘੱਟ ਭੋਜਨ ਖਾਓ ਅਤੇ ਜ਼ਿਆਦਾ ਵਾਰ ਖਾਓ, ਬਿਹਾ ਖਾਣਾ ਨਾ ਖਾਓ, ਜ਼ਿਆਦਾ ਤੇਲ ਵਾਲੇ ਜਾਂ ਬਾਹਰਲੇ ਖਾਣੇ ਤੋਂ ਪਰਹੇਜ਼ ਕਰੋ। ਠੰਢੇ ਪਾਣੀ ਨਾਲ ਵਾਰ-ਵਾਰ ਨਹਾਓ ਜਾਂ ਥੋੜ੍ਹੇ-



ਥੋੜ੍ਹੇ ਸਮੇਂ ਬਾਅਦ ਮੂੰਹ-ਹੱਥ ਠੰਢੇ ਪਾਣੀ ਨਾਲ ਧੋਵੋ। ਕਸਰਤ ਸਰੀਰ ਦੇ ਵਧਦੇ ਤਾਪਮਾਨ ਦੇ ਅਨੁਕੂਲ ਕਰੋ ਅਤੇ ਖੁਰਾਕ ਤੇ ਤਰਲ ਪਦਾਰਥਾਂ ਦਾ ਸੇਵਨ ਜ਼ਰੂਰ ਕਰੋ।

## ਗਰਮੀ ਦੀ ਲਹਿਰ ਦੌਰਾਨ ਸਾਵਧਾਨੀਆਂ

ਧੁੱਪ 'ਚ ਖਾਸ ਤੌਰ 'ਤੇ ਦੁਪਹਿਰ 12 ਤੋਂ 3 ਵਜੇ ਤੱਕ ਬਾਹਰ ਜਾਣ ਤੋਂ ਪਰਹੇਜ਼ ਕਰੋ। ਵੱਧ ਗਰਮੀ ਵਾਲੇ ਘੰਟਿਆਂ ਦੌਰਾਨ ਖਾਣਾ ਬਣਾਉਣ ਤੋਂ ਗੁਰੇਜ਼ ਕੀਤਾ ਜਾਵੇ, ਰਸੋਈ ਨੂੰ ਚੰਗੀ ਤਰ੍ਹਾਂ ਹਵਾਦਾਰ ਰੱਖਣ ਲਈ ਦਰਵਾਜ਼ੇ ਅਤੇ ਖਿੜਕੀਆਂ ਖੁੱਲ੍ਹੀਆਂ ਰੱਖੋ, ਹਵਾ ਬਾਹਰ ਕੱਢਣ ਲਈ ਚਿਮਨੀ ਜਾਂ ਪੱਖਾ ਜ਼ਰੂਰ ਚਲਾਓ।

ਅਲਕੋਹਲ, ਚਾਹ-ਕੌਫੀ, ਪੈਕਡ ਡ੍ਰਿੰਕ ਅਤੇ ਵਾਧੂ ਮਿੱਠੇ ਪੀਣ ਵਾਲੇ ਪਦਾਰਥਾਂ ਤੋਂ ਪਰਹੇਜ਼ ਕਰੋ, ਕਿਉਂਕਿ ਇਹ ਅਸਲ 'ਚ ਸਰੀਰ ਦੇ ਤਰਲ ਪਦਾਰਥਾਂ ਦੀ ਮਾਤਰਾ ਘਟਾ ਦਿੰਦੇ ਹਨ। ਤਲੇ ਹੋਏ ਭੋਜਨ ਤੋਂ ਪਰਹੇਜ਼ ਕਰੋ, ਬਾਸੀ ਭੋਜਨ ਨਾ ਖਾਓ। ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਤਾਲਾਬੰਦ ਵਾਹਨ 'ਚ ਨਾ ਛੱਡੋ।

## ਅਜਿਹੇ ਲੱਛਣ ਦਿਸਣ ਤਾਂ ਤੁਰੰਤ ਡਾਕਟਰੀ ਸਹਾਇਤਾ ਲਓ

ਮਾਨਸਿਕ ਸੰਤੁਲਨ 'ਚ ਬਦਲਾਅ, ਬੇਚੈਨੀ, ਬੋਲਣ 'ਚ ਮੁਸ਼ਕਿਲ, ਚਿੜਚਿੜਾਪਨ, ਹਕਲਾ ਤੇ ਬੋਲਣਾ ਅਤੇ ਦੌਰੇ ਆਦਿ ਨਾਲ ਬੋਲਣਾ। ਗਰਮ, ਲਾਲ ਅਤੇ ਖੁਸ਼ਕ ਚਮੜੀ। ਜਦੋਂ ਸਰੀਰ ਦਾ ਤਾਪਮਾਨ 40 ਡਿਗਰੀ ਜਾਂ ਇਸ ਤੋਂ ਵੱਧ ਜਾਂਦਾ ਹੈ।

ਗੰਭੀਰ ਸਿਰ ਦਰਦ, ਚਿੰਤਾ, ਚੱਕਰ ਆਉਣੇ, ਬੇਹੋਸ਼ੀ, ਮਾਸਪੇਸ਼ੀਆਂ ਦੀ ਕਮਜ਼ੋਰੀ ਜਾਂ ਖਿਚਾਵ ਇਕ ਘੰਟੇ ਤੋਂ ਵੱਧ ਸਮੇਂ ਤੱਕ ਰਹਿੰਦੀ ਹੈ। ਉਲਟੀਆਂ (ਜੀਅ ਮਚਲਾਣਾ-ਘਬਰਾਹਟ ਆਦਿ)। ਦਿਲ ਦੀ ਧੜਕਣ ਤੇਜ਼ ਹੋਣਾ। ਲੂਣ ਤੋਂ ਬਚਣ ਲਈ ਸਿਹਤ ਵਿਭਾਗ ਵਲੋਂ ਜਾਰੀ ਸੁਝਾਅ, ਸਾਵਧਾਨੀਆਂ ਤੇ ਘਰੇਲੂ ਨੁਕਤੇ ਯਾਦ ਰੱਖੋ ਅਤੇ ਵਧੇਰੇ ਜਾਣਕਾਰੀ ਲਈ ਨੇੜੇ ਦੇ ਸਿਹਤ ਕੇਂਦਰ ਜਾਂ ਟੋਲ ਫਰੀ ਨੰਬਰ 104 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

**ਡਾ. ਪ੍ਰਭਦੀਪ ਸਿੰਘ ਚਾਵਲਾ,**
**ਫਰੀਦਕੋਟ**

ਬਾਕੀ ਸਫਾ 3 ਦੀ

# ਝੋਨੇ ਦੀ ਮੈਟ ਟਾਈਪ ਪਨੀਰੀ ਦੀ ਬਿਜਾਈ ਦਾ ਨਵੀਨਤਮ ਹੱਲ

ਦੀ ਵਰਤੋਂ ਕਰਨੀ ਚਾਹੀਦੀ ਹੈ। ਪਨੀਰੀ ਵਾਲੇ ਖੇਤ ਵਿੱਚ ਪੱਥਰ ਜਾਂ ਕਿਸੇ ਤਰ੍ਹਾਂ ਦੀ ਸਖ਼ਤ ਵਸਤੂ ਨਹੀਂ ਹੋਣੀ ਚਾਹੀਦੀ। ਝੋਨਾ ਲਗਾਉਣ ਵਾਲੇ ਖੇਤਾਂ ਦੇ ਨੇੜੇ ਝੋਨੇ ਦੀ ਮੈਟ ਟਾਈਪ ਪਨੀਰੀ ਤਿਆਰ ਕਰਨੀ ਚਾਹੀਦੀ ਹੈ ਅਤੇ ਟਿਊਬਵੈੱਲ ਤੇ ਦਰੱਖਤਾਂ ਤੋਂ ਵੀ ਘੱਟੋ-ਘੱਟ 20 ਮੀ. ਦੀ ਦੂਰੀ 'ਤੇ ਹੋਣਾ ਚਾਹੀਦਾ ਹੈ। ਬਿਜਾਈ ਤੋਂ ਪਹਿਲਾਂ ਪਨੀਰੀ ਵਾਲਾ ਖੇਤ ਸੁੱਕਾ ਹੋਣਾ ਚਾਹੀਦਾ ਹੈ।

ਬਿਜਾਈ ਤੋਂ ਪਹਿਲਾਂ ਝੋਨੇ ਦੇ ਬੀਜ ਦਾ ਸਿਫਾਰਸ਼ ਉੱਲੀਨਾਸ਼ਕਾਂ ਨਾਲ ਸੋਧਿਆ ਹੋਣਾ ਚਾਹੀਦਾ ਹੈ। ਪੀ. ਏ. ਯੂ. ਮੈਟ ਟਾਈਪ ਨਰਸਰੀ ਸੀਡਰ ਵਿੱਚ ਮੈਟ ਦੀ ਮੋਟਾਈ ਲਗਭਗ 1 ਇੰਚ 'ਤੇ ਕਰੋ।

**ਸਫ਼ਲਤਾ ਦੀ ਕਹਾਣੀ :** ਮੈਟ ਦੀ ਮਸ਼ੀਨੀ ਬਿਜਾਈ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਉਣ ਲਈ ਪੀ.ਏ.ਯੂ. ਅਤੇ ਇਸ ਅਧੀਨ ਆਉਂਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਲੋਂ ਪੀ. ਏ. ਯੂ. ਮੈਟ ਟਾਈਪ ਨਰਸਰੀ ਸੀਡਰ



ਦੀਆਂ ਸਿਖਲਾਈਆਂ, ਖੇਤ ਪ੍ਰਦਰਸ਼ਨੀਆਂ ਤੇ ਖੇਤ ਦਿਵਸਾਂ ਦਾ ਆਯੋਜਨ ਲਗਾਤਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਖੇਤੀ ਪਸਾਰ ਗਤੀਵਿਧੀਆਂ ਰਾਹੀਂ ਕਿਸਾਨਾਂ ਨੂੰ ਇਸ ਨਵੀਨਤਮ ਮਸ਼ੀਨ ਨੂੰ ਚਲਾਉਣ ਅਤੇ ਤਿਆਰ ਪਨੀਰੀ ਦੀ ਦੇਖਭਾਲ ਬਾਬਤ ਮਾਹਿਰਾਂ ਵਲੋਂ ਖੇਤੀ ਦੌਰੇ ਵੀ ਕੀਤੇ ਜਾਂਦੇ ਹਨ। ਸਾਉਣੀ 2023 ਦੌਰਾਨ ਹੁਸ਼ਿਆਰਪੁਰ ਜ਼ਿਲ੍ਹੇ ਦੇ ਤਿੰਨ ਅਗਾਂਹਵਧੂ ਕਿਸਾਨਾਂ ਨੇ ਮਿਲ ਕੇ ਪੀ. ਏ. ਯੂ. ਮੈਟ ਟਾਈਪ ਨਰਸਰੀ ਸੀਡਰ ਖਰੀਦਿਆ। ਕੇ. ਵੀ. ਕੇ. ਹੁਸ਼ਿਆਰਪੁਰ ਦੇ ਤਕਨੀਕੀ ਮਾਹਿਰਾਂ ਹੇਠ ਇਨ੍ਹਾਂ ਕਿਸਾਨਾਂ ਨੇ ਲਗਭਗ 300 ਏਕੜ ਦੀ ਮਸ਼ੀਨੀ ਲੁਆਈ ਲਈ ਮੈਟ ਟਾਈਪ ਪਨੀਰੀ ਦੀ ਸਫ਼ਲਤਾਪੂਰਵਕ ਬਿਜਾਈ ਕੀਤੀ। ਇਸ ਮਸ਼ੀਨ ਦੀ ਕਾਰਜਗੁਜ਼ਾਰੀ ਦੇਖ ਕੇ ਹੋਰ ਕਿਸਾਨ ਵੀ ਸੰਤੁਸ਼ਟ ਹਨ ਤੇ ਹੋਰ ਕਿਸਾਨ ਵੀ ਹੁਣ ਇਹ ਮਸ਼ੀਨ ਖ਼ਰੀਦ ਰਹੇ ਹਨ ਜਾਂ ਕਿਰਾਏ 'ਤੇ ਵਰਤ ਰਹੇ ਹਨ। ਮਾਰਚ 2025 ਦੌਰਾਨ ਪੀ. ਏ. ਯੂ. ਵਿਖੇ ਕਿਸਾਨ ਮੇਲੇ ਦੌਰਾਨ ਇਨ੍ਹਾਂ ਕਿਸਾਨਾਂ ਵਿੱਚੋਂ ਜ਼ਿਲ੍ਹੇ ਹੁਸ਼ਿਆਰਪੁਰ ਦੇ ਪਿੰਡ ਕੋਟ ਫਤੂਹੀ ਦੇ ਅਗਾਂਹਵਧੂ ਕਿਸਾਨ ਗੁਰਦੀਪ ਸਿੰਘ ਨੂੰ ਖੇਤੀ ਵਿੱਚ ਆਧੁਨਿਕ ਮਸ਼ੀਨੀਕਰਨ ਅਪਣਾਉਣ ਬਾਬਤ ਸੀ.ਆਈ.ਆਰ. ਪੰਪਸ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਸਾਉਣੀ 2025 ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਕਿਸਾਨਾਂ ਵਲੋਂ ਇਸ ਮਸ਼ੀਨ ਦੀ ਵਰਤੋਂ ਕਰਕੇ 500 ਏਕੜ ਦੀ ਮੈਟ-ਟਾਈਪ ਪਨੀਰੀ ਦੀ ਸਫ਼ਲਤਾਪੂਰਵਕ ਬਿਜਾਈ ਕੀਤੀ ਗਈ। ਇਸ ਮਸ਼ੀਨ 'ਤੇ ਸਰਕਾਰ ਵਲੋਂ 40% ਸਬਸਿਡੀ ਵੀ ਮੁਹੱਈਆ ਕਰਵਾਈ ਜਾ ਰਹੀ ਹੈ।

ਰਣਜੀਤ ਸਿੰਘ ਅਤੇ ਨਵਜੋਤ ਕੌਰ,
ਫਲੋਰੀਕਲਚਰ ਅਤੇ ਲੈਂਡਸਕੇਪਿੰਗ
ਵਿਭਾਗ, ਪੀ. ਏ. ਯੂ., ਲੁਧਿਆਣਾ
ਮੋਬਾਇਲ : 94631-40872

## ਪੰਜਾਬ ਵਿੱਚ

# ਗੇਂਦੇ ਦੇ ਸਫਲ ਬੀਜ ਉਤਪਾਦਨ ਲਈ ਮਹੱਤਵਪੂਰਨ ਨੁਕਤੇ



ਗੇਂਦਾ ਭਾਰਤ ਵਿੱਚ ਸਭ ਤੋਂ ਵੱਧ ਕਾਸ਼ਤ ਕੀਤੀਆਂ ਜਾਣ ਵਾਲੀਆਂ ਫੁੱਲ ਫ਼ਸਲਾਂ ਵਿੱਚੋਂ ਇੱਕ ਹੈ। ਗਰਮੀ ਦੇ ਮੌਸਮ ਵਿੱਚ ਇਸਦੇ ਬੀਜ ਬਣਨ ਵਿੱਚ ਕਈ ਸਮੱਸਿਆਵਾਂ ਆਉਂਦੀਆਂ ਹਨ, ਜਿਸ ਕਾਰਨ ਕਿਸਾਨ ਅਤੇ ਬੀਜ ਉਤਪਾਦਕ ਸਾਲ ਭਰ ਫੁੱਲ ਉਤਪਾਦਨ ਲਈ ਅਣਪਛਾਤੇ ਸਰੋਤਾਂ ਤੋਂ ਮਿਲਦੇ ਮਿਲਾਵਟੀ ਅਤੇ ਮਹਿੰਗੇ ਬੀਜ ਵਰਤਣ ਲਈ ਮਜ਼ਬੂਰ ਹੋ ਜਾਂਦੇ ਹਨ।

ਫੁੱਲਾਂ ਦੀ ਕਾਸ਼ਤ ਲਈ ਗੇਂਦਾ ਸਾਲ ਭਰ ਉਗਾਇਆ ਜਾ ਸਕਦਾ ਹੈ, ਪਰ ਚੰਗੀ ਗੁਣਵੱਤਾ ਅਤੇ ਵੱਧ ਬੀਜ ਉਤਪਾਦਨ ਪ੍ਰਾਪਤ ਕਰਨ ਲਈ ਲੁਆਈ ਦਾ ਸਮਾਂ ਸਭ ਤੋਂ ਵੱਧ ਮਹੱਤਵਪੂਰਨ ਹੈ। ਇਸ ਲਈ ਅੱਧ ਜੁਲਾਈ ਤੋਂ ਅੱਧ ਸਤੰਬਰ ਦੇ ਵਿਚਕਾਰ ਲੁਆਈ ਦਾ ਸਮਾਂ ਉੱਚਿਤ ਹੈ ਅਤੇ ਅੱਧ ਅਗਸਤ ਦਾ ਸਮਾਂ ਬੀਜ ਉਤਪਾਦਨ ਲਈ ਉੱਤਰੀ ਭਾਰਤ ਵਿੱਚ ਸਭ ਤੋਂ ਢੁੱਕਵਾਂ ਸਮਾਂ ਹੈ। ਇਸ ਸਮੇਂ ਬਰਸਾਤਾਂ ਕਾਰਨ ਮੌਸਮ ਦੀ ਨਮੀਂ ਅਤੇ ਦਰਮਿਆਨਾ ਤਾਪਮਾਨ ਫ਼ਸਲ ਦੇ ਵਾਧੇ, ਫੁੱਲ ਬਣਨ ਅਤੇ ਬੀਜ ਭਰਨ ਲਈ ਬਹੁਤ ਅਨੁਕੂਲ ਹੁੰਦੇ ਹਨ। ਅੱਧ ਅਗਸਤ ਵਿੱਚ ਲੁਆਈ ਕਰਨ ਨਾਲ ਸਭ ਤੋਂ ਵੱਧ ਬੀਜ ਉਤਪਾਦਨ (46.16 ਗ੍ਰਾਮ/ਪੌਦਾ) ਅਤੇ ਬੀਜ ਅੰਕੁਰਣ (70.8%) ਦਰਜ ਕੀਤੇ ਗਏ, ਜਦਕਿ ਸਰਦੀ ਅਤੇ ਤੇਜ਼ ਗਰਮੀ ਵਿੱਚ ਲੁਆਈ ਨਾਲ ਬੀਜ ਉਤਪਾਦਨ ਅਤੇ ਅੰਕੁਰਣ ਦਰ ਬਹੁਤ ਘੱਟ ਹੁੰਦੇ ਹਨ।

ਫਸਲ ਲਈ ਚੰਗੀ ਪਨੀਰੀ ਉੱਭਰਵੀਆਂ ਕਿਆਰੀਆਂ ਤੇ ਉਗਾਓ ਅਤੇ ਹਰ ਵਰਗ ਮੀਟਰ ਵਿੱਚ ਲੱਗਭੱਗ 2 ਕਿਲੋ ਪੂਰੀ ਤਰ੍ਹਾਂ ਗਲੀ ਹੋਈ ਗੋਬਰ ਖਾਦ ਪਾਓ। ਪੌਦੇ ਜਦੋਂ 7-10 ਸੈਮੀ ਉਚਾਈ ਹਾਸਲ ਕਰ ਲੈਣ, ਤਦ ਉਹਨਾਂ ਦੀ ਖੇਤ ਵਿੱਚ ਲੁਆਈ ਕੀਤੀ ਜਾਣੀ ਚਾਹੀਦੀ ਹੈ। ਕਿਆਰੀਆਂ ਤਿਆਰ ਕਰਦੇ ਸਮੇਂ 20 ਟਨ ਪੂਰੀ ਤਰ੍ਹਾਂ ਗਲੀ ਹੋਈ ਗੋਬਰ ਖਾਦ ਅਤੇ ਖਾਦਾਂ ਦੀ ਬੁਨਿਆਦੀ ਖੁਰਾਕ... 100 ਕਿਲੋ ਨਾਈਟ੍ਰੋਜਨ (220 ਕਿਲੋ ਯੂਰੀਆ), 40 ਕਿਲੋ ਫਾਸਫੋਰਸ (250 ਕਿਲੋ ਸਿੰਗਲ ਸੁਪਰਫਾਸਫੇਟ) ਅਤੇ 40 ਕਿਲੋ ਪੋਟਾਸ਼ (67 ਕਿਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਹੈਕਟੇਅਰ ਦੀ ਵਰਤੋਂ ਕਰਨੀ ਚਾਹੀਦੀ ਹੈ।

ਗੇਂਦੇ ਦੇ ਬੀਜ ਉਤਪਾਦਨ ਲਈ ਟੂਸਿਆਂ ਦੀ ਤੁੜਾਈ (ਪਿੰਚਿੰਗ) ਇੱਕ ਮਹੱਤਵਪੂਰਨ ਕਿਰਿਆ ਹੈ ਅਤੇ ਇਹ ਕਿਰਿਆ ਲੁਆਈ ਤੋਂ 30-40 ਦਿਨਾਂ ਬਾਅਦ ਕਰਨੀ ਚਾਹੀਦੀ ਹੈ। ਇਸ ਨਾਲ ਟਾਹਣੀਆਂ ਵੱਧ ਬਣਦੀਆਂ ਹਨ ਅਤੇ ਫੁੱਲਾਂ ਦੀ ਗਿਣਤੀ ਵੀ ਵੱਧਦੀ ਹੈ, ਜਿਸ ਨਾਲ ਬੀਜ ਉਤਪਾਦਨ ਵਿੱਚ ਵਾਧਾ ਹੁੰਦਾ ਹੈ। ਬੀਜ ਉਤਪਾਦਨ ਲਈ ਫੁੱਲਾਂ ਨੂੰ ਪੌਦੇ 'ਤੇ ਪੂਰੀ ਤਰ੍ਹਾਂ ਪੱਕਣ ਦੇਣਾ ਚਾਹੀਦਾ ਹੈ। ਪੱਕੇ ਹੋਏ ਫੁੱਲ ਤੋੜ ਕੇ ਕੁਝ ਦਿਨ ਸਧਾਰਣ ਮੌਸਮੀ ਹਾਲਾਤਾਂ ਵਿੱਚ ਸੁਕਾਏ ਜਾਣੇ ਚਾਹੀਦੇ ਹਨ। ਸੁੱਕੇ ਹੋਏ ਫੁੱਲਾਂ ਵਿੱਚੋਂ ਬੀਜ ਧਿਆਨ ਨਾਲ ਕੱਢ ਕੇ ਸਾਫ਼ ਕਰਨੇ ਚਾਹੀਦੇ ਹਨ। ਚੰਗੀ ਤਰ੍ਹਾਂ ਭਰੇ ਹੋਏ, ਮੋਟੇ ਬੀਜਾਂ ਨੂੰ ਹੱਥੀਂ ਛਾਨਣੀ ਕਰਕੇ ਗ੍ਰੇਡ ਕੀਤਾ ਜਾਣਾ ਚਾਹੀਦਾ ਹੈ।

ਇਸ ਤਰ੍ਹਾਂ, ਭਾਵੇਂ ਗੇਂਦੇ ਦੀ ਕਾਸ਼ਤ ਫੁੱਲਾਂ ਲਈ ਸਾਲ ਭਰ ਕੀਤੀ ਜਾ ਸਕਦੀ ਹੈ, ਪਰ ਬੀਜ ਉਤਪਾਦਨ ਲਈ ਅਗਸਤ ਦੇ ਅੱਧ ਵਿੱਚ ਟ੍ਰਾਂਸਪਲਾਂਟਿੰਗ, ਸਿਹਤਮੰਦ ਬੂਟਿਆਂ ਦੀ ਵਰਤੋਂ, ਸਹੀ ਪਿੰਚਿੰਗ ਅਤੇ ਧਿਆਨ ਪੂਰਵਕ ਫੁੱਲਾਂ ਦੀ ਤੁੜਾਈ ਨਾਲ-ਨਾਲ ਫੁੱਲਾਂ ਵਿੱਚੋਂ ਬੀਜ ਕੱਢਣ ਦੇ ਨਤੀਜੇ ਵਜੋਂ ਪੰਜਾਬ ਅਤੇ ਇਸੇ ਤਰ੍ਹਾਂ ਦੀਆਂ ਖੇਤੀਬਾੜੀ-ਜਲਵਾਯੂ ਸਥਿਤੀਆਂ ਵਿੱਚ 1.4-1.5 ਕੁਇੰਟਲ ਪ੍ਰਤੀ ਹੈਕਟੇਅਰ ਉੱਚ-ਗੁਣਵੱਤਾ ਵਾਲਾ ਬੀਜ ਉਤਪਾਦਨ ਪ੍ਰਾਪਤ ਹੁੰਦਾ ਹੈ। ਗਰਮੀ ਵਿੱਚ ਉੱਚ ਤਾਪਮਾਨ ਅਤੇ ਸਰਦੀ ਵਿੱਚ ਘੱਟ ਤਾਪਮਾਨ ਬੀਜ ਵਿਕਾਸ 'ਤੇ ਨਕਾਰਾਤਮਕ ਅਸਰ ਪਾਉਂਦੇ ਹਨ, ਜਿਸ ਨਾਲ ਘੱਟ ਬੀਜ ਭਰਾਈ ਹੁੰਦੀ ਹੈ ਅਤੇ ਬੀਜ ਦਾ ਭਾਰ ਘੱਟ ਹੁੰਦਾ ਹੈ। ਇਸਦੇ ਉਲਟ, ਬਰਸਾਤੀ ਮੌਸਮ ਬੀਜਾਂ ਵਿੱਚ ਖੁਰਾਕੀ ਪਦਾਰਥ ਇਕੱਠੇ ਕਰਨ ਲਈ ਅਨੁਕੂਲ ਹੁੰਦਾ ਹੈ, ਜਿਸ ਨਾਲ ਵਧੀਆ ਅੰਕੁਰਣ ਦਰ ਅਤੇ ਤਾਕਤ ਵਾਲੇ ਪੌਦੇ ਉੱਗਦੇ ਹਨ।

**ਸਾਰਣੀ : ਗੇਂਦੇ ਦੀ ਫ਼ਸਲ ਦੀ ਲੁਆਈ ਦੀ ਤਾਰੀਖ ਦਾ ਗੇਂਦੇ ਵਿੱਚ ਬੀਜ ਉਤਪਾਦਨ ਅਤੇ ਬੀਜ ਅੰਕੁਰਣ 'ਤੇ ਪ੍ਰਭਾਵ**

| ਲੁਆਈ ਦੀ ਤਾਰੀਖ | 15-ਫਰਵਰੀ | 15-ਮਾਰਚ | 15-ਅਪ੍ਰੈਲ | 15-ਮਈ | 15-ਜੂਨ | 15-ਜੁਲਾਈ | 15-ਅਗਸਤ | 15-ਸਤੰਬਰ | 15-ਅਕਤੂਬਰ | 15-ਨਵੰਬਰ | 15-ਦਸੰਬਰ | 15-ਜਨਵਰੀ |
|---|---|---|---|---|---|---|---|---|---|---|---|---|
| ਬੀਜ ਉਤਪਾਦਨ (ਗ੍ਰਾਮ/ਪੌਦਾ) | 6.11 | 4.24 | 5.76 | 5.64 | 7.93 | 29.92 | 46.16 | 14.98 | 4.93 | 3.87 | 1.61 | 3.99 |
| ਬੀਜ ਅੰਕੁਰਣ (%) | 2.62 | 2.88 | 2.61 | 22.86 | 36.47 | 53.9 | 70.8 | 51.87 | 21.75 | 18.74 | 10.86 | 2.97 |

## ਆਰਥਿਕ ਪੱਖੋਂ ਜੈਵਿਕ ਖੇਤੀ ਦੀ ਕਾਮਯਾਬੀ ਦਾ ਇੱਕ ਵੱਡਾ ਆਧਾਰ 'ਬੀਜਾਂ ਦੀ ਖੁਦਮੁਖਤਿਆਰੀ' ਹੈ

# ਖੇਤੀਬਾੜੀ ਦੇ ਸੁਨਹਿਰੀ ਭਵਿੱਖ ਦਾ ਇੱਕੋ-ਇੱਕ ਹੱਲ ਹੈ 'ਜੈਵਿਕ ਖੇਤੀ'

ਪ੍ਰੋ. ਜਗਰੂਪ ਕੌਰ, ਪਿੰਡ ਦੀਪ ਸਿੰਘ ਵਾਲਾ, ਫਰੀਦਕੋਟ (ਮੋ. 70095-29882)

ਪੰਜਾਬ ਦੇ ਖੇਤੀ ਸੰਕਟ ਦੀ ਜੜ੍ਹ ਮਿੱਟੀ ਦੀ ਸਿਹਤ ਵਿੱਚ ਹੋ ਰਹੀ ਲਗਾਤਾਰ ਗਿਰਾਵਟ ਹੈ। ਖੇਤੀ ਵਿਗਿਆਨ ਅਨੁਸਾਰ ਉਪਜਾਊ ਮਿੱਟੀ ਵਿੱਚ ਜੈਵਿਕ ਮਾਦਾ ਘੱਟੋ-ਘੱਟ ਇੱਕ ਫੀਸਦੀ ਹੋਣਾ ਚਾਹੀਦਾ ਹੈ, ਪਰ ਪੰਜਾਬ ਦੇ ਜ਼ਿਆਦਾਤਰ ਖੇਤਰਾਂ ਵਿੱਚ ਇਹ ਅੰਕੜਾ ਚਿੰਤਾਜਨਕ ਹੱਦ ਤੱਕ, ਭਾਵ 0.3 ਫੀਸਦੀ ਤੋਂ ਵੀ ਹੇਠਾਂ ਡਿੱਗ ਚੁੱਕਾ ਹੈ। ਰਸਾਇਣਿਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਨੇ ਮਿੱਟੀ ਦੇ ਕੁਦਰਤੀ ਜੀਵ-ਚੱਕਰ ਨੂੰ ਲਗਭਗ ਤਬਾਹ ਕਰ ਦਿੱਤਾ ਹੈ। ਮਿੱਟੀ ਵਿੱਚ ਮੌਜੂਦ ਉਹ ਸੂਖਮ ਜੀਵ, ਜੋ ਕੁਦਰਤੀ ਤੌਰ 'ਤੇ ਜ਼ਮੀਨ ਨੂੰ ਉਪਜਾਊ ਬਣਾਉਂਦੇ ਸਨ, ਹੁਣ ਰਸਾਇਣਾਂ ਦੀ ਭੇਟ ਚੜ੍ਹ ਚੁੱਕੇ ਹਨ।



ਨਤੀਜੇ ਵਜੋਂ, ਝਾੜ ਨੂੰ ਬਰਕਰਾਰ ਰੱਖਣ ਲਈ ਕਿਸਾਨ ਨੂੰ ਹਰ ਸਾਲ ਵਧੇਰੇ ਮਾਤਰਾ ਵਿੱਚ ਨਾਈਟਰੋਜਨ ਅਤੇ ਫਾਸਫੋਰਸ ਵਰਗੀਆਂ ਖਾਦਾਂ ਪਾਉਣੀਆਂ ਪੈਂਦੀਆਂ ਹਨ। ਜੈਵਿਕ ਖੇਤੀ ਇਸ ਚੱਕਰ ਨੂੰ ਤੋੜਨ ਦਾ ਇੱਕੋ-ਇੱਕ ਵਿਗਿਆਨਿਕ ਰਾਹ ਹੈ।

ਜਦੋਂ ਅਸੀਂ ਵਿੱਚ ਰੂੜੀ ਦੀ ਖਾਦ, ਹਰੀ ਖਾਦ ਆਦਿ ਦੀ ਵਰਤੋਂ ਕਰਦੇ ਹਾਂ, ਤਾਂ ਅਸੀਂ ਮਿੱਟੀ ਦੀ ਜੈਵਿਕ ਸੰਰਚਨਾ ਨੂੰ ਮੁੜ ਜੀਵਤ ਕਰਦੇ ਹਾਂ। ਤੱਥ ਦੱਸਦੇ ਹਨ ਕਿ ਜੈਵਿਕ ਮਾਦੇ ਵਿੱਚ ਇੱਕ ਫੀਸਦੀ ਵਾਧਾ ਹੋਣ ਨਾਲ ਮਿੱਟੀ ਦੀ ਪਾਣੀ ਸੋਖਣ ਦੀ ਸਮਰੱਥਾ ਪ੍ਰਤੀ ਏਕੜ ਹਜ਼ਾਰਾਂ ਲੀਟਰ ਵੱਧ ਜਾਂਦੀ ਹੈ, ਜੋ ਪੰਜਾਬ ਦੇ ਉਨ੍ਹਾਂ 117 'ਡਾਰਕ ਜ਼ੋਨ' ਬਲਾਕਾਂ ਲਈ ਬਹੁਤ ਜ਼ਰੂਰੀ ਹੈ, ਜਿੱਥੇ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਹੇਠਾਂ ਜਾ ਚੁੱਕਾ ਹੈ।

ਜਿੱਥੇ ਤੱਕ ਪੰਜਾਬ ਵਿੱਚ ਵੱਧ ਰਹੀਆਂ ਭਿਆਨਕ ਬੀਮਾਰੀਆਂ ਦਾ ਸਵਾਲ ਹੈ, ਇਹ ਸੱਚ ਹੈ ਕਿ ਇਸ ਦੇ ਕਈ ਹੋਰ ਸਮਾਜਿਕ ਅਤੇ ਉਦਯੋਗਿਕ ਪਹਿਲੂ ਵੀ ਹੋ ਸਕਦੇ ਹਨ ਅਤੇ ਸਿਰਫ ਖੇਤੀਬਾੜੀ ਨੂੰ ਹੀ ਇਸ ਦਾ ਮੁੱਖ ਕਾਰਨ ਮੰਨ ਲੈਣਾ ਸ਼ਾਇਦ ਪੂਰਾ ਸੱਚ ਨਾ ਹੋਵੇ। ਪਰ ਅਸੀਂ ਇਸ ਹਕੀਕਤ ਨੂੰ ਵੀ ਅੱਖੋਂ-ਓਹਲੇ ਨਹੀਂ ਕਰ ਸਕਦੇ ਕਿ ਰਸਾਇਣਿਕ ਖੇਤੀ ਦੇ ਲੰਬੇ ਦੌਰ ਨੇ ਸਾਡੀ ਮਿੱਟੀ ਅਤੇ ਪਾਣੀ ਦੀ ਕੁਦਰਤੀ ਬਣਤਰ ਨੂੰ ਬੁਰੀ ਤਰ੍ਹਾਂ ਵਿਗਾੜ ਦਿੱਤਾ ਹੈ। ਜਦੋਂ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕ ਮਿੱਟੀ ਰਾਹੀਂ ਰਿਸ ਕੇ ਹੇਠਲੇ ਪਾਣੀ ਦੇ ਸੋਮਿਆਂ ਤੱਕ ਪਹੁੰਚਦੇ ਹਨ, ਤਾਂ ਇਹ ਪਾਣੀ ਨੂੰ ਇੱਕ 'ਧੀਮਾ ਜ਼ਹਿਰ' ਵਿੱਚ ਬਦਲ ਦਿੰਦੇ ਹਨ। ਇਹ ਭਾਰੀ ਧਾਤਾਂ ਨਾ ਸਿਰਫ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਨੂੰ ਜਨਮ ਦਿੰਦੀਆਂ ਹਨ, ਸਗੋਂ ਸਾਡੀਆਂ ਆਉਣ ਵਾਲੀਆਂ ਨਸਲਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਨੂੰ ਵੀ ਪ੍ਰਭਾਵਿਤ ਕਰ ਰਹੀਆਂ ਹਨ। ਜਦੋਂ ਅਸੀਂ ਜੈਵਿਕ ਖੇਤੀ ਦੀ ਗੱਲ ਕਰਦੇ ਹਾਂ, ਤਾਂ ਸਾਡਾ ਮੁੱਖ ਫੋਕਸ ਸਿਰਫ ਫ਼ਸਲ ਉਗਾਉਣ 'ਤੇ ਨਹੀਂ, ਸਗੋਂ ਖੁਰਾਕੀ ਲੜੀ ਵਿੱਚੋਂ ਇਨ੍ਹਾਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣਾ ਹੈ। ਆਰਥਿਕ ਪੱਖੋਂ ਜੈਵਿਕ ਖੇਤੀ ਦੀ ਕਾਮਯਾਬੀ ਦਾ ਇੱਕ ਵੱਡਾ ਆਧਾਰ 'ਬੀਜਾਂ ਦੀ ਖੁਦਮੁਖਤਿਆਰੀ' ਹੈ। ਹਰੀ ਕ੍ਰਾਂਤੀ ਦੇ ਦੌਰ ਵਿੱਚ ਕਿਸਾਨ ਆਪਣੇ ਰਵਾਇਤੀ ਅਤੇ ਦੇਸੀ ਬੀਜਾਂ ਨੂੰ ਸਾਂਭਣ ਦੀ ਕਲਾ ਵਿਸਾਰ ਕੇ ਹਰ ਸਾਲ ਕੰਪਨੀਆਂ ਦੇ ਮਹਿੰਗੇ ਹਾਈਬ੍ਰਿਡ ਬੀਜਾਂ 'ਤੇ ਨਿਰਭਰ ਹੋ ਗਿਆ ਹੈ। ਜੈਵਿਕ ਮਾਡਲ ਕਿਸਾਨ ਨੂੰ ਮੁੜ ਆਪਣੇ ਬੀਜ ਖੁਦ ਤਿਆਰ ਕਰਨ ਅਤੇ ਸਾਂਭਣ ਲਈ ਉਤਸ਼ਾਹਿਤ ਕਰਦਾ ਹੈ, ਜੋ ਕਿ ਖੇਤੀ ਲਾਗਤ ਨੂੰ ਘਟਾਉਣ ਦਾ ਸਭ ਤੋਂ ਵੱਡਾ ਸਾਧਨ ਹੈ। ਜੇਕਰ ਅਸੀਂ ਵਿਸ਼ਵ ਪੱਧਰ 'ਤੇ ਦੇਖੀਏ, ਤਾਂ ਅੱਜ ਦੁਨੀਆਂ ਭਰ ਵਿੱਚ ਜੈਵਿਕ ਖੇਤੀ ਦਾ ਰੁਝਾਨ ਤੇਜ਼ੀ ਨਾਲ ਵੱਧ ਰਿਹਾ ਹੈ।

ਵਿਸ਼ਵ ਪੱਧਰੀ ਸਰਵੇਖਣ ਦੱਸਦੇ ਹਨ ਕਿ ਪਿਛਲੇ ਇੱਕ ਦਹਾਕੇ ਵਿੱਚ ਜੈਵਿਕ ਉਤਪਾਦਾਂ ਦੀ ਮੰਗ ਵਿੱਚ 15 ਫੀਸਦੀ ਸਾਲਾਨਾ ਵਾਧਾ ਹੋ ਰਿਹਾ ਹੈ। ਸਿੱਕਮ ਵਰਗੇ ਭਾਰਤੀ ਰਾਜ ਨੇ ਖੁਦ ਨੂੰ ਪੂਰੀ ਤਰ੍ਹਾਂ '100 ਫੀਸਦੀ ਜੈਵਿਕ ਰਾਜ' ਐਲਾਨ ਕੇ ਦੁਨੀਆਂ ਨੂੰ ਇੱਕ ਰਾਹ ਦਿਖਾਇਆ ਹੈ। ਡੈਨਮਾਰਕ ਅਤੇ ਆਸਟਰੀਆ ਵਰਗੇ ਯੂਰਪੀ ਦੇਸ਼ਾਂ ਵਿੱਚ ਕੁੱਲ ਖੇਤੀ ਹੇਠਲੇ ਰਕਬੇ ਦਾ ਵੱਡਾ ਹਿੱਸਾ ਜੈਵਿਕ ਖੇਤੀ ਅਧੀਨ ਆ ਚੁੱਕਾ ਹੈ।

ਮਾਰਕੀਟਿੰਗ ਅਤੇ ਨੀਤੀਗਤ ਸੁਧਾਰ ਜੈਵਿਕ ਖੇਤੀ ਦੀ ਰੀੜ੍ਹ ਦੀ ਹੱਡੀ ਹਨ। ਸਾਨੂੰ 'ਕਿਸਾਨ ਹੱਟ' ਅਤੇ 'ਜੈਵਿਕ ਬਾਜ਼ਾਰ' ਵਰਗੇ ਢਾਂਚੇ ਨੂੰ ਹਰ ਸ਼ਹਿਰ ਵਿੱਚ ਖੜ੍ਹਾ ਕਰਨਾ ਪਵੇਗਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜੈਵਿਕ ਉਤਪਾਦਾਂ ਲਈ ਵਿਸ਼ੇਸ਼ ਮੰਡੀਆਂ ਸਥਾਪਿਤ ਕਰੇ, ਜਿੱਥੇ ਵਿਚੋਲਿਆਂ ਦੀ ਕੋਈ ਥਾਂ ਨਾ ਹੋਵੇ ਅਤੇ ਕਿਸਾਨ ਸਿੱਧਾ ਖਪਤਕਾਰ ਨਾਲ ਜੁੜ ਸਕੇ।

ਅਖੀਰ ਵਿੱਚ, ਪੰਜਾਬ ਦੀ ਖੇਤੀ ਨੂੰ ਮੁੜ ਸੁਰਜੀਤ ਕਰਨ ਲਈ ਇੱਕ ਵਿਆਪਕ ਅਤੇ ਦੂਰ-ਅੰਦੇਸ਼ੀ ਨੀਤੀ ਦੀ ਲੋੜ ਹੈ। ਇਹ ਤਬਦੀਲੀ ਸਿਰਫ ਕਿਸਾਨਾਂ ਦੀ ਮਿਹਨਤ ਨਾਲ ਨਹੀਂ ਆਵੇਗੀ, ਇਸ ਲਈ ਸਰਕਾਰ, ਐਗਰੀਕਲਚਰ ਯੂਨੀਵਰਸਿਟੀ ਅਤੇ ਸਮਾਜ ਦੇ ਹਰ ਵਰਗ ਨੂੰ ਸਾਂਝੀ ਜ਼ਿੰਮੇਵਾਰੀ ਚੁੱਕਣੀ ਪਵੇਗੀ।

ਜੈਵਿਕ ਖੇਤੀ ਵੱਲ ਵਧਣਾ ਪੰਜਾਬ ਦੀ ਹੋਂਦ ਅਤੇ ਭਵਿੱਖੀ ਖੁਸ਼ਹਾਲੀ ਨੂੰ ਬਚਾਉਣ ਲਈ ਲਿਆ ਗਿਆ ਇੱਕ ਜ਼ਰੂਰੀ ਅਤੇ ਇਤਿਹਾਸਕ ਕਦਮ ਹੋਵੇਗਾ।




**ENTRY & BRANCHES**

- **AFCAT Entry:** Flying/ Technical/ Weapon System/ Administration/ Logistics/ Accounts/ Education/ Meteorology
- **GATE Score Based Entry:** Technical ( Valid GATE score is mandatory)
- **NCC Special Entry:** Flying (NCC Air Wing 'C' certificate is mandatory)

For **AFCAT Entry** registration and online exam are mandatory/ **NCC Special Entry** registration mandatory and no online exam/ **GATE Score Based Entry** for Technical Branch only and no online exam

**Aadhar Card** is mandatory for online registration

**Registrations** open from **20 May 2026 till 19 June 2026**

**For more details,** refer to Employment News dated **16 May 2026** and for detailed notification visit our website **careerairforce.gov.in** and **afcat.edcil.co.in**

**FOR UPDATES, FOLLOW US ON**

011-23013690 | 1800-112-448 | careeriniaf@gmail.com | www.careerairforce.gov.in

DISHA, Air Headquarters (Vayu Bhawan) Motilal Nehru Marg, New Delhi - 110106

CBC 10801/13/0008/2627

# ਲੋਕਰਾਜ ਸੰਸਥਾਵਾਂ ਵਿੱਚ ਆ ਰਹੇ ਨਿਘਾਰ ਨੂੰ ਰੋਕੀਏ



ਡਾ. ਰਣਜੀਤ ਸਿੰਘ

ਸਾਡੇ ਦੇਸ਼ ਵਿੱਚ ਲੋਕਰਾਜ ਸਥਾਪਿਤ ਹੋਏ ਨੂੰ 75 ਸਾਲਾਂ ਤੋਂ ਵੱਧ ਸਮਾਂ ਹੋ ਗਿਆ ਹੈ। ਅਸੀਂ ਆਪਣੇ ਦੇਸ਼ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਰਾਜ ਆਖਦੇ ਹਾਂ। ਜੇਕਰ ਅਬਾਦੀ ਪੱਖੋਂ ਵੇਖੀਏ ਤਾਂ ਇਹ ਸਭ ਤੋਂ ਵੱਡਾ ਹੈ ਕਿਉਂਕਿ ਸਾਡੇ ਨਾਲੋਂ ਵੱਧ ਅਬਾਦੀ ਕਿਸੇ ਹੋਰ ਦੇਸ਼ ਦੀ ਨਹੀਂ ਹੈ। ਹੁਣ ਤੱਕ ਸਾਡਾ ਲੋਕਰਾਜ ਸੰਸਾਰ ਲਈ ਚਾਨਣ ਮੁਨਾਰਾ ਬਣ ਜਾਣਾ ਚਾਹੀਦਾ ਸੀ। ਇਸ ਦੀ ਲੋੜ ਵੀ ਹੈ ਕਿਉਂਕਿ ਅਸੀਂ ਆਪਣੇ ਆਪ ਨੂੰ ਸਭ ਤੋਂ ਪੁਰਾਣੀ ਸਭਿਅਤਾ ਦੇ ਮਾਲਕ ਗਿਣਦੇ ਹਨ। ਸਾਡੇ ਪ੍ਰਧਾਨ ਮੰਤਰੀ ਤਾਂ ਹੁਣ ਆਪਣੇ ਆਪ ਨੂੰ ਵਿਸ਼ਵ ਗੁਰੂ ਆਖਦੇ ਹਨ। ਸਾਡੇ ਬਜ਼ੁਰਗਾਂ ਨੇ ਕੁਰਬਾਨੀਆਂ ਦਿੱਤੀਆਂ, ਸ਼ਹੀਦੀਆਂ ਪ੍ਰਾਪਤ ਕੀਤੀਆਂ, ਜੇਲ੍ਹਾਂ ਕੱਟੀਆਂ ਤੇ ਅਨੇਕਾਂ ਤਸੀਹੇ ਝੱਲੇ। ਉਨ੍ਹਾਂ ਦਾ ਮੁੱਖ ਮੰਤਵ ਦੇਸ਼ ਨੂੰ ਅਜ਼ਾਦ ਕਰਵਾਉਣਾ ਸੀ। ਉਨ੍ਹਾਂ ਸਾਨੂੰ ਕੇਵਲ ਅਜ਼ਾਦੀ ਹੀ ਨਹੀਂ ਦਿਲਵਾਈ ਸਗੋਂ ਇੱਕ ਵਧੀਆ ਲੋਕਰਾਜ ਸਥਾਪਿਤ ਵੀ ਕੀਤਾ। ਉਹਨਾਂ ਅਜ਼ਾਦੀ ਪਿਛੋਂ ਦੇਸ਼ ਦਾ ਰਾਜ ਭਾਗ ਸੰਭਾਲਿਆ। ਉਹਨਾਂ ਸੰਜੀਦਗੀ ਨਾਲ ਦੇਸ਼ ਦੇ ਵਿਕਾਸ ਲਈ ਯਤਨ ਸ਼ੁਰੂ ਕੀਤੇ। ਅਨਪੜ੍ਹਤਾ ਤੇ ਗਰੀਬੀ ਦੂਰ ਕਰਨ ਦੇ ਪ੍ਰੋਗਰਾਮ ਉਲੀਕੇ। ਵਿਕਾਸ ਲਈ ਪੰਜ ਸਾਲਾ ਯੋਜਨਾਵਾਂ ਬਣਾ ਇੱਕ ਯੋਜਨਾਬੰਧ ਢੰਗ ਨਾਲ ਦੇਸ਼ ਦੀ ਨਵਉਸਾਰੀ ਅਰੰਭ ਕੀਤੀ। ਉਨ੍ਹਾਂ ਸਾਹਮਣੇ ਆਪਣੇ ਨਹੀਂ ਸਗੋਂ ਦੇਸ਼ ਹਿੱਤ ਮੋਹਰੇ ਸਨ। ਉਸ ਪੀੜ੍ਹੀ ਦੇ ਦੇਸ਼ ਭਗਤਾਂ ਨੇ ਤਾਂ ਆਪਣੇ ਲਈ ਘਰ ਤੱਕ ਨਹੀਂ ਬਣਾਏ। ਸਾਦਗੀ ਅਤੇ ਸੰਜਮੀ ਜੀਵਨ ਸ਼ੈਲੀ ਨਾਲ ਦੇਸ਼ ਸੇਵਾ ਕੀਤੀ। ਉਨ੍ਹਾਂ ਪਿਛੋਂ ਜਿਹੜੀ ਨਵੀਂ ਪੀੜ੍ਹੀ ਨੇ ਤਾਂ ਲਈ ਉਨ੍ਹਾਂ ਅੱਗੇ ਚੁਣੌਤੀ ਸੀ ਕਿ ਦੇਸ਼ ਨੂੰ ਵਿਕਾਸ ਕਾਰਜਾਂ ਨੂੰ ਹੋਰ ਤੇਜ਼ ਕਰਕੇ ਇਸ ਨੂੰ ਮਹਾਂ ਸ਼ਕਤੀ ਬਣਾਇਆ ਜਾਵੇ। ਇਸ ਪੀੜ੍ਹੀ ਕੋਲ ਵਧੇਰੇ ਸਹੂਲਤਾਂ ਅਤੇ ਪਿਛਲੀ ਪੀੜ੍ਹੀ ਤੋਂ ਪ੍ਰਾਪਤ ਹੋਇਆ ਤਜਰਬਾ ਸੀ। ਪਰ ਇਹ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਇਸ ਪੀੜ੍ਹੀ ਵਿੱਚੋਂ ਲੋਕ ਸੇਵਾ ਅਤੇ ਇਮਾਨਦਾਰੀ ਘੱਟ ਹੋਣ ਲੱਗ ਪਈ ਤੇ ਰਾਜ ਦੀ ਤਾਕਤ ਦਾ ਨਸ਼ਾ ਚੜ੍ਹਨ ਲੱਗ ਪਿਆ। ਇਨ੍ਹਾਂ ਨੇ ਆਪਣੀਆਂ ਸਹੂਲਤਾਂ ਵਿੱਚ ਤੇਜ਼ੀ ਨਾਲ ਵਾਧਾ ਕੀਤਾ ਪਰ ਲੋਕ ਵਿਕਾਸ ਵੱਲੋਂ ਮੁੱਖ ਮੋੜਨਾ ਸ਼ੁਰੂ ਕਰ ਦਿੱਤਾ। ਮੈਨੂੰ ਪਹਿਲੀ ਪੀੜ੍ਹੀ ਦੇ ਐਮ. ਪੀ., ਐਮ. ਐਲ. ਏ. ਤੇ ਵਜ਼ੀਰਾਂ ਨੂੰ ਨੇੜਿਉਂ ਵੇਖਣ ਦਾ ਮੌਕਾ ਮਿਲਿਆ ਹੈ। ਐਮਐਲਏ, ਆਪਣੇ ਸਾਇਕਲਾਂ ਤੇ ਫਿਰਦੇ ਸਨ। ਕੋਈ ਹਿਫ਼ਾਜ਼ਤੀ ਦਸਤੇ ਨਹੀਂ। ਉਨ੍ਹਾਂ ਦੇ ਘਰਾਂ ਵਿੱਚ ਵੀ ਸਿਫ਼ਾਰਸ਼ੀਆਂ ਦਾ ਮੇਲਾ ਨਹੀਂ ਸੀ ਲੱਗਦਾ। ਲੋਕਾਂ ਵਿੱਚ ਆਮ ਵਾਂਗ ਵਿਚਰਦੇ ਸਨ। ਬੱਸਾਂ ਵਿੱਚ ਸਫ਼ਰ ਕਰਦੇ ਸਨ। ਪਿੱਛੋਂ ਬੱਸ ਦੀਆਂ ਦੋ ਅਗਲੀਆਂ ਸੀਟਾਂ ਉਤੇ ਇਹ ਜ਼ਰੂਰ ਲਿਖ ਦਿੱਤਾ ਗਿਆ ਸੀ ਕਿ ਇਹ ਐਮਐਲਏ. ਅਤੇ ਐਮ.ਪੀ. ਲਈ ਰਾਖਵੀਆਂ ਹਨ ਤਾਂ ਜੋ ਉਨ੍ਹਾਂ ਖੜ੍ਹੇ ਹੋ ਕੇ ਸਫ਼ਰ ਨਾ ਕਰਨਾ ਪਵੇ। ਆਪਣੇ ਜੱਦੀ ਘਰਾਂ ਵਿੱਚ ਹੀ ਰਹਿੰਦੇ ਸਨ। ਵਜ਼ੀਰਾਂ ਕੋਲ ਜੀਪਾਂ ਸਨ। ਡਰਾਇਵਰ ਨਾਲ ਅਗਲੀ ਸੀਟ ਉਤੇ ਵਜ਼ੀਰ ਬੈਠਦਾ ਸੀ ਤੇ ਪਿੱਛੇ ਉਹਨਾਂ ਦਾ ਨਿੱਜੀ ਸਹਾਇਕ। ਕੋਈ ਗਨਮੈਨ ਨਹੀਂ ਸਨ। ਅੱਗੇ ਪਿੱਛੇ ਪੁਲਿਸ ਵੀ ਨਹੀਂ ਸੀ ਫਿਰਦੀ।

ਲੀਡਰਾਂ ਦੀ ਦੂਜੀ ਪੀੜ੍ਹੀ ਵਿੱਚ ਕੁੱਝ ਢਿੱਲ ਆਉਣ ਲੱਗੀ। ਉਹ ਸੇਵਾ ਦੀ ਥਾਂ ਰਾਜ ਦਾ ਨਿੱਘ ਮਾਨਣ ਲੱਗੇ। ਇਹ ਕੋਸ਼ਿਸ਼ ਸ਼ੁਰੂ ਹੋਈ ਕਿ ਰਾਜਗੱਦੀ ਮਿਲੀ ਹੈ ਤਾਂ ਇਹ ਮੇਰੇ ਕੋਲ ਹੀ ਰਹੇ। ਆਪਣੀ ਥਾਂ ਲੈਣ ਲਈ ਆਪਣੇ ਪੁੱਤਾਂ ਧੀਆਂ ਨੂੰ ਤਿਆਰ ਕਰਨ ਲੱਗ ਪਏ। ਤੀਜੀ ਪੀੜ੍ਹੀ ਤਾਂ ਸੇਵਾ ਸ਼ਬਦ ਤੋਂ ਦੂਰ ਹੀ ਹੋ ਗਈ। ਉਨ੍ਹਾਂ ਲਈ ਲੀਡਰੀ ਰਾਜ ਪ੍ਰਾਪਤੀ ਦਾ ਵਸੀਲਾ ਬਣਨ ਲੱਗ ਪਈ। ਜਦੋਂ ਇਹ ਸੋਚ ਆ ਜਾਵੇ ਤਾਂ ਚੋਣਾਂ ਜਿੱਤਣ ਲਈ ਹਰੇਕ ਗਲਤ ਸਹੀ ਤਰੀਕਾ ਵਰਤਿਆ ਜਾਣ ਲੱਗ ਪਿਆ।

ਆਪਣੀ ਪਾਰਟੀ ਦਾ ਭਵਿੱਖ ਲਈ ਵਿਕਾਸ ਏਜੰਡਾ ਦੱਸਣ ਦੀ ਥਾਂ ਵਿਰੋਧੀਆਂ ਉਤੇ ਚਿੱਕੜ ਸੁਟਣਾ ਸ਼ੁਰੂ ਹੋ ਗਿਆ। ਚੋਣ ਪ੍ਰਚਾਰ ਕੇਵਲ ਇੱਕ ਦੂਜੇ ਦੇ ਔਗੁਣ ਦੱਸਣ ਤੱਕ ਸੀਮਤ ਹੋ ਗਿਆ। ਮੁੜ ਮੰਤਵ ਵੋਟ ਪ੍ਰਾਪਤੀ ਹੀ ਬਣ ਗਿਆ। ਉਸ ਲਈ ਗਰੀਬਾਂ ਦੀ ਵੋਟਾਂ ਖਰੀਦ ਹੋਣ ਲੱਗ ਪਈਆਂ। ਵੋਟਰਾਂ ਧਮਕਾਉਣ ਜਾਂ ਧਰਮ ਜਾਤ ਦੇ ਅਧਾਰ ਉਤੇ ਪ੍ਰੇਰਨ ਲਈ ਨੌਜਵਾਨਾਂ ਦੀ ਵਰਤੋਂ ਹੋਣ ਲੱਗ ਪਈ। ਪਹਿਲਾਂ ਹਰੇਕ ਰਾਜਸੀ ਦਾ ਯੂਥ ਵਿੰਗ ਭਵਿੱਖ ਲਈ ਸੱਚੇ ਸੁੱਚੇ ਤੇ ਸੇਵਾ ਭਾਵਨਾ ਵਾਲੇ ਲੀਡਰ ਤਿਆਰ ਕਰਨਾ ਹੁੰਦਾ ਸੀ। ਹੁਣ ਇਨ੍ਹਾਂ ਦੀ ਵਰਤੋਂ ਚੋਣ ਪ੍ਰਚਾਰ, ਧੱਕੇਸ਼ਾਹੀ ਜਲਸਿਆਂ ਲਈ ਇਕੱਠ ਕਰਨ ਲਈ ਹੋਣ ਲੱਗ ਪਈ। ਚੋਣਾਂ ਦੌਰਾਨ ਇਨ੍ਹਾਂ ਦਾ ਥਕੇਵਾਂ ਲਾਹੁਣ ਲਈ ਨਸ਼ਿਆਂ ਦੀ ਵਰਤੋਂ ਵੀ ਸਾਡੇ ਅਖੌਤੀ ਲੀਡਰਾਂ ਨੇ ਸ਼ੁਰੂ ਕੀਤੀ ਹੈ। ਸੰਨ 1962 ਤੱਕ ਦੀਆਂ ਚੋਣਾਂ ਤੱਕ ਰਾਜਨੀਤੀ ਵਿੱਚ ਨਿਘਾਰ ਨਹੀਂ ਆਇਆ ਸੀ ਪਰ ਉਸ ਪਿਛੋਂ ਸ਼ੁਰੂ ਹੋਇਆ ਤੇ ਹੁਣ ਇਹ ਆਪਣੇ ਸਿਖਰ ਉਤੇ ਹੈ। ਚੋਣਾਂ ਵਿੱਚ ਕਰੋੜਾਂ ਰੁਪਏ ਖਰਚ ਕੀਤੇ ਜਾਂਦੇ ਹਨ। ਇਹ ਪੈਸੇ ਕਿਥੋਂ ਆਉਂਦੇ ਹਨ। ਜਿਹੜੇ ਅਮੀਰ ਲੋਕ ਪੈਸੇ ਦਿੰਦੇ ਹਨ ਉਹ ਫਿਰ ਜੇਤੂਆਂ ਤੋਂ ਆਪਣੇ ਹੱਕ ਵਿੱਚ ਗਲਤ ਕੰਮ ਵੀ ਕਰਵਾਉਂਦੇ ਹਨ। ਜੇਤੂ ਉਮੀਦਵਾਰ ਚੋਣ ਉਤੇ ਹੋਇਆ ਖਰਚ ਪੂਰਾ ਕਰਦੇ ਹਨ, ਅਗਲੀ ਚੋਣ ਲਈ ਸਰਮਾਇਆ ਇਕੱਠਾ ਕਰਦੇ ਹਨ। ਆਪਣੀਆਂ ਜਾਇਦਾਦਾਂ ਬਣਾਉਂਦੇ ਹਨ। ਬਹੁਤ ਜੇਤੂ ਆਗੂ ਪੰਜ ਸਾਲਾਂ ਵਿੱਚ ਹੀ ਕਰੋੜਪਤੀ ਬਣ ਜਾਂਦੇ ਹਨ। ਜਿਹੜੇ ਮੁੰਡਿਆਂ ਨੂੰ ਇਨ੍ਹਾਂ ਨੇ ਆਪਣੇ ਨਾਲ ਜੋੜਿਆ ਹੁੰਦਾ ਹੈ ਉਨ੍ਹਾਂ ਵੱਲੋਂ ਕੀਤੀ ਹੁਲੜਬਾਜ਼ੀ ਨੂੰ ਨੇਤਾ ਜੀ ਉਤਸ਼ਾਹਿਤ ਕਰਦੇ ਹਨ। ਜੇਕਰ ਕੋਈ ਪੁਲਿਸ ਵਾਲਾ ਕਾਰਵਾਈ ਕਰਦਾ ਹੈ ਤਾਂ ਇਹ ਝਟ ਆਪਣੇ ਨੇਤਾ ਨਾਲ ਫੋਨ ਤੇ ਗੱਲ ਕਰਵਾ ਦਿੰਦੇ ਹਨ। ਜੇਕਰ ਕੋਈ ਇਮਾਨਦਾਰ ਅਫ਼ਸਰ ਅੜੀ ਕਰਦਾ ਹੈ ਤਾਂ ਉਸ ਦੀ ਬਦਲੀ ਕਰਵਾ ਦਿੱਤੀ ਜਾਂਦੀ ਹੈ। ਜੇਕਰ ਫਿਰ ਵੀ ਉਹ ਲੀਹੇ ਨਾ ਆਵੇ ਤਾਂ ਉਸ ਨੂੰ ਪਰੇਸ਼ਾਨ ਕੀਤਾ ਜਾਂਦਾ ਹੈ। ਅਫ਼ਸਰਾਂ ਰਾਹੀਂ ਪੈਸੇ ਇਕੱਠੇ ਕੀਤੇ ਜਾਂਦੇ ਹਨ। ਜਦੋਂ ਕਿਸੇ ਦਫ਼ਤਰ ਵਿੱਚ ਰਿਸ਼ਵਤ ਮੰਗੀ ਜਾਂਦੀ ਹੈ ਤਾਂ ਇਹੋ ਆਖਿਆ ਜਾਂਦਾ ਹੈ ਜੀ ਕੀ ਕਰੀਏ, ਉਤੇ ਤੱਕ ਸਾਨੂੰ ਪੈਸੇ ਭੇਜਣੇ ਪੈਂਦੇ ਹਨ। ਇੰਝ ਨੌਕਰਸ਼ਾਹੀ ਵਿੱਚ ਰਿਸ਼ਵਤਖੋਰੀ ਸ਼ੁਰੂ ਹੋ ਗਈ ਹੈ। ਪੰਜਾਬ ਕਿਉਂਕਿ ਇੱਕ ਖ਼ੁਸ਼ਹਾਲ ਸੂਬਾ ਹੈ ਇੱਥੇ ਇਹ ਸਭ ਤੋਂ ਵੱਧ ਹੈ। ਜਿਹੜੇ ਅਫ਼ਸਰਾਂ ਦੀ ਜ਼ੁੰਮੇਵਾਰੀ ਕਾਰਖਾਨਿਆਂ ਜਾਂ ਦੁਕਾਨਦਾਰਾਂ ਨੂੰ ਗਲਤ ਕੰਮ ਤੋਂ ਰੋਕਣਾ ਹੁੰਦਾ ਹੈ। ਉਨ੍ਹਾਂ ਨੇ ਮਹੀਨੇ ਬੰਨ੍ਹੇ ਹੋਏ ਹਨ। ਮਹੀਨਾ ਦੇਣ ਵਾਲਾ ਕਾਰੋਬਾਰੀ ਕਾਨੂੰਨ ਦੀ ਪਾਲਨਾ ਕਿਉਂ ਕਰੇਗਾ? ਉਹ ਮਿਲਾਵਟ ਵੀ ਕਰੇਗਾ। ਬੰਦੇ ਪਾਣੀ ਨੂੰ ਬਿਨ੍ਹਾਂ ਸੋਧਿਆ ਧਰਤੀ ਹੇਠ ਭੇਜੇਗਾ ਜਾਂ ਲਾਗਲੇ ਨਦੀ ਨਾਲੇ ਵਿੱਚ ਪਾਣੀ ਭੇਜਣਾ, ਇੰਝ ਪੰਜਾਬ ਦਾ ਪਾਣੀ ਗੰਧਲਾ ਹੋ ਰਿਹਾ ਹੈ ਤੇ ਦੋਸ਼ ਸਾਰਾ ਕਿਸਾਨਾਂ ਦੇ ਸਿਰ ਮੜ੍ਹ ਦਿੱਤਾ ਜਾਂਦਾ ਹੈ। ਕਿਸਾਨ ਜੇਕਰ ਕੀਟਨਾਸ਼ਕਾਂ ਦੀ ਵਰਤੋਂ ਕਰਦਾ ਹੈ ਤਾਂ ਫ਼ਸਲਾਂ ਦੀ ਰਾਖੀ ਲਈ ਕਰਦਾ ਹੈ। ਇਨ੍ਹਾਂ ਦਾ ਅਸਰ ਮਿਥੇ ਸਮੇਂ ਪਿਛੋਂ ਖਤਮ ਹੋ ਜਾਂਦਾ ਹੈ। ਇਸ ਵਿੱਚ ਕੋਈ ਸ਼ਕ ਨਹੀਂ ਕਿ ਖੇਤੀ ਵਿੱਚ ਜ਼ਹਿਰਾਂ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ ਪਰ ਪਾਣੀ ਅਤੇ ਹਵਾ ਨੂੰ ਪ੍ਰਦੂਸ਼ਿਤ ਕਰਨ ਲਈ ਅਸੀਂ ਸਾਰੇ ਜ਼ੁੰਮੇਵਾਰ ਹਨ। ਸਾਰੇ ਪਿੰਡਾਂ ਸ਼ਹਿਰਾਂ ਵਿੱਚ ਹੁਣ ਲੋਕੀਂ ਘਰਾਂ ਵਿੱਚ ਹੀ ਜੰਗਲਪਾਣੀ ਜਾਂਦੇ ਹਨ। ਇਹ ਸਾਰਾ ਕੁੱਝ ਧਰਤੀ ਹੇਠ ਪਾਣੀ ਵਿੱਚ ਜਾਂਦਾ ਹੈ ਜਾਂ ਕਿਸੇ ਨਦੀ ਵਿੱਚ ਪਾ ਦਿੱਤਾ ਜਾਂਦਾ ਹੈ। ਜਦੋਂ ਲੋਕੀਂ ਖੇਤਾਂ ਵਿੱਚ ਜਾਂਦੇ ਸਨ ਤਾਂ ਕੀੜੇ ਉਸ ਨੂੰ ਖਾਦ ਵਿੱਚ ਤਬਦੀਲ ਕਰ ਦਿੰਦੇ ਸਨ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਵੱਧ ਜਾਂਦੀ ਹੈ। ਇਸ ਸਮੱਸਿਆ ਦੇ ਹੱਲ ਬਾਰੇ ਕਦੇ ਕਿਸੇ ਨੇਤਾ ਨੇ ਸੋਚਿਆ ਹੀ ਨਹੀਂ।

ਸਮੇਂ ਦੇ ਬੀਤਣ ਨਾਲ ਇਮਾਨਦਾਰੀ, ਦੇਸ਼ ਭਗਤੀ ਤੇ ਲੋਕ ਸੇਵਾ ਦੀ ਭਾਵਨਾ ਵਿੱਚ ਵਾਧਾ ਹੋਣਾ ਚਾਹੀਦਾ ਸੀ ਪਰ ਹੋ ਇਸ ਦੇ ਉਲਟ ਰਿਹਾ ਹੈ। ਹੁਣ ਰਾਜਨੀਤੀ ਲੋਕ ਸੇਵਾ ਲਈ ਨਹੀਂ ਸਗੋਂ ਸੱਤਾ ਦੀ ਪ੍ਰਾਪਤੀ ਲਈ ਕੀਤੀ ਜਾਂਦੀ ਹੈ; ਕਾਇਦੇ ਕਾਨੂੰਨ ਕੇਵਲ ਆਮ ਲੋਕਾਂ ਲਈ ਹਨ। ਨੇਤਾ ਲੋਕ ਰਾਜਿਆਂ ਵਾਂਗ ਆਪਣੇ ਆਪ ਨੂੰ ਇਸ ਤੋਂ ਉਤੇ ਸਮਝਦੇ ਹਨ। ਸਰਕਾਰੀ ਕਰਮਚਾਰੀਆਂ ਨੂੰ ਇਮਾਨਦਾਰੀ ਨਾਲ ਲੋਕ ਸੇਵਾ ਕਰਨ ਲਈ ਉਕਸਾਉਣ ਦੀ ਥਾਂ ਉਨ੍ਹਾਂ ਨੂੰ ਗਲਤ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਨੇਤਾ ਲੋਕਾਂ ਵੱਲੋਂ ਸਿਫ਼ਾਰਸ਼ ਕਰਨ ਦੀ ਕੀਮਤ ਵਸੂਲ ਕੀਤੀ ਜਾਂਦੀ ਹੈ। ਆਪਣੇ ਪੈਰੋਕਾਰਾਂ ਵੱਲੋਂ ਕੀਤੇ ਗਲਤ ਕੰਮਾਂ ਲਈ ਉਨ੍ਹਾਂ ਨੂੰ ਰੋਕਣ ਦੀ ਥਾਂ ਸਗੋਂ ਅਜਿਹਾ ਕਰਨ ਲਈ ਉਕਸਾਇਆ ਜਾਂਦਾ ਹੈ। ਜੇਕਰ ਕੋਈ ਪੁਲਿਸ ਕਰਮਚਾਰੀ ਗਲਤੀ ਨਾਲ ਚਲਾਣ ਕਰਨ ਲੱਗਦਾ ਹੈ ਤਾਂ ਨੇਤਾ ਜੀ ਦਾ ਫੋਨ ਆ ਜਾਂਦਾ ਹੈ। ਜੇਕਰ ਕੋਈ ਕਰਮਚਾਰੀ ਗਲਤ ਕੰਮ ਕਰਨ ਤੋਂ ਨਾਂਹ ਕਰਦਾ ਹੈ ਤਾਂ ਉਸ ਦੀ ਬਦਲੀ ਕਰ ਦਿੱਤੀ ਜਾਂਦੀ ਹੈ ਜਾਂ ਕਿਸੇ ਝੂਠੇ ਕੇਸ ਵਿੱਚ ਫਸਾ ਦਿੱਤਾ ਜਾਂਦਾ ਹੈ। ਪੰਜਾਬ ਵਿੱਚ ਨਸ਼ਿਆਂ ਦੀ ਵਰਤੋਂ, ਰਿਸ਼ਵਤਖੋਰੀ, ਗਲਤ ਕੰਮ ਆਮ ਕਰਕੇ ਆਗੂਆਂ ਦੀ ਸਹਿ ਉਤੇ ਹੀ ਹੁੰਦੇ ਹਨ।

ਰਾਜਸੀ ਪਾਰਟੀਆਂ ਦੀ ਹੋਂਦ ਆਪਣੇ ਰਾਜਸੀ ਏਜੰਡੇ ਅਧਾਰਿਤ ਹੁੰਦੀ ਹੈ। ਉਹ ਆਪਣੇ ਸੂਬੇ ਜਾਂ ਦੇਸ਼ ਵਿੱਚ ਕਿਹੋ ਜਿਹਾ ਰਾਜ ਸਥਾਪਿਤ ਕਰਨੀ ਚਾਹੁੰਦੀਆਂ ਹਨ। ਹੁਣ ਅਜਿਹਾ ਨਹੀਂ ਹੈ। ਕਿਸੇ ਵੀ ਪਾਰਟੀ ਕੋਲ ਵਿਕਾਸ ਦਾ ਕੋਈ ਏਜੰਡਾ ਨਹੀਂ ਹੈ। ਇੱਕੋ-ਇੱਕ ਏਜੰਡਾ ਚੋਣਾਂ ਜਿੱਤਣਾ ਹੈ। ਵੋਟ ਪ੍ਰਾਪਤੀ ਹਰੇਕ ਪਾਰਟੀ ਦਾ ਮੁੱਖ ਮੰਤਵ ਬਣ ਗਿਆ ਹੈ। ਕੇਂਦਰ ਸਰਕਾਰ ਗਰੀਬਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਅੱਸੀ ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦੇ ਰਹੀ ਹੈ। ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਪੂਰਾ ਮੁੱਲ ਦੇਣ ਦੀ ਥਾਂ ਉਨ੍ਹਾਂ ਦੇ ਖਾਤੇ ਵਿੱਚ ਪੈਸੇ ਪਾਏ ਜਾ ਰਹੇ ਹਨ। ਗਰੀਬੀ ਦੇ ਨਾਮ ਉਤੇ ਲੋਕਾਂ ਨੂੰ ਮੁਫ਼ਤ ਗੈਸ ਚੁੱਲੇ ਤੇ ਸਲੈਂਡਰ ਦਿੱਤੇ ਜਾਂਦੇ ਹਨ। ਪੰਜਾਬ ਵਿੱਚ ਕਿਸੇ ਸਰਕਾਰ ਨੇ ਸ਼ਹਿਰਾਂ ਵਿੱਚ ਚੁੰਗੀ ਖਤਮ ਕਰ ਦਿੱਤੀ। ਅਗਲੀ ਸਰਕਾਰ ਨੇ ਖੇਤੀ ਲਈ ਬਿਜਲੀ ਪਾਣੀ ਮੁਫ਼ਤ ਕਰ ਦਿੱਤਾ। ਕਿਸੇ ਨੇ ਔਰਤਾਂ ਲਈ ਬੱਸਾਂ ਵਿੱਚ ਸਫ਼ਰ ਮੁਫ਼ਤ ਕੀਤਾ। ਮੌਜੂਦਾ ਸਰਕਾਰ ਨੇ ਸਾਰਿਆਂ ਦੀ ਹੀ ਬਿਜਲੀ ਮੁਫ਼ਤ ਕਰ ਦਿੱਤੀ। ਹੁਣ ਸਾਰੀਆਂ ਔਰਤਾਂ ਨੂੰ ਪੈਨਸ਼ਨ ਲੱਗਾ ਦਿੱਤੀ ਹੈ ਅਤੇ ਸਾਰੇ ਪਰਿਵਾਰ ਨੂੰ ਮੁਫ਼ਤ ਰਾਸ਼ਨ ਤੇ ਡਾਕਟਰੀ ਸਹਾਇਤਾ ਦਾ ਐਲਾਨ ਕੀਤਾ ਹੈ। ਇਹ ਪੈਸਾ ਕਿੱਥੋਂ ਆਉਂਦਾ ਹੈ। ਰਾਜ ਕੋਲ ਤੇਲ ਦੇ ਖੂਹ ਨਹੀਂ ਹਨ ਤੇ ਨਾ ਹੀ ਸੋਨੇ ਦੀਆਂ ਖਾਣਾਂ ਹਨ। ਸਾਰੀ ਆਮਦਨ ਟੈਕਸਾਂ ਦੀ ਹੈ। ਜਿਸ ਨਾਲ ਮਸਾਂ ਸਰਕਾਰੀ ਖਰਚੇ ਹੀ ਪੂਰੇ ਹੁੰਦੇ ਹਨ। ਖਰਚੇ ਲਈ ਸਰਕਾਰਾਂ ਕਰਜ਼ਾ ਲੈਂਦੀਆਂ ਜਾਂ ਸਰਕਾਰੀ ਜਾਇਦਾਦਾਂ ਨੂੰ ਵੇਚਿਆ ਜਾ ਰਿਹਾ ਹੈ। ਲੋਕਾਂ ਲਈ ਵਧੀਆ ਵਿਦਿਅਕ ਸਹੂਲਤਾਂ ਜਾਂ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਵੱਲ ਕੋਈ ਯਤਨ ਨਹੀਂ ਕੀਤੇ ਜਾਂਦੇ ਸਗੋਂ ਚੋਣਾਂ ਨੇੜੇ ਇੱਕ ਦੂਜੇ ਤੋਂ ਅੱਗੇ ਵੱਧ ਕੇ ਮੁਫ਼ਤ ਦੀ ਰਿਉੜੀਆਂ ਦੇਣ ਦੇ ਐਲਾਨ ਕੀਤੇ ਜਾਂਦੇ ਹਨ। ਲੋਕਾਂ ਨੂੰ ਹੁਨਰਮੰਦ ਬਣਾ ਕੇ ਆਪਣੇ ਪੈਰਾਂ ਉਤੇ ਖੜ੍ਹੇ ਕਰਨ ਦੀ ਥਾਂ ਉਨ੍ਹਾਂ ਨੂੰ ਮੁਫ਼ਤ ਖੋਰੇ ਬਣਾਇਆ ਜਾ ਰਿਹਾ ਹੈ।

ਲੋਕ ਰਾਜ ਸੰਸਥਾਵਾਂ ਅੰਦਰ ਸੂਬੇ ਅਤੇ ਦੇਸ਼ ਦੇ ਵਿਕਾਸ ਬਾਰੇ ਸੰਜੀਦਾ ਵਿਚਾਰ ਵਟਾਂਦਰੇ ਇੱਕ ਦੂਜੇ ਉਤੇ ਚਿਕੜ ਸੁਟਿਆ ਜਾਂਦਾ ਹੈ। ਵਿਰੋਧੀ ਧਿਰ ਦੀ ਜਦੋਂ ਪੇਸ਼ ਨਹੀਂ ਜਾਂਦੀ ਤਾਂ ਉਹ ਸਦਨ ਵਿੱਚੋਂ ਬਾਹਰ ਚੱਲੇ ਜਾਂਦੇ ਹਨ ਜਾਂ ਕਾਰਵਾਈ ਚੱਲਣ ਨਹੀਂ ਦਿੱਤੀ ਜਾਂਦੀ। ਪਾਰਲੀਮੈਂਟ ਅਤੇ ਕਿਸੇ ਵਿਚਾਰ ਵਟਾਂਦਰੇ ਤੋਂ ਪਾਸ ਹੋ ਜਾਂਦੇ ਹਨ। ਲੋਕ ਰਾਜ ਦੀ ਮੁੱਢਲੀ ਇਕਾਈ ਗ੍ਰਾਮ ਸਭਾ ਅਤੇ ਪਿੰਡ ਦੀ ਪੰਚਾਇਤ ਹੈ। ਆਪਣੇ ਪਿੰਡ ਦੇ ਵਿਕਾਸ ਅਤੇ ਹੋਰ ਮਸਲਿਆਂ ਬਾਰੇ ਫ਼ੈਸਲਾ ਕਰਨ ਦਾ ਇਸ ਕੋਲ ਪੂਰਾ ਅਖਤਿਆਰ ਹੈ। ਇਸ ਦੇ ਨਾਲ ਹੀ ਪਿੰਡਾਂ ਦੇ ਆਪਸੀ ਝਗੜਿਆਂ ਨੂੰ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਨਿਪਟਾਉਣਾ ਵੀ ਪੰਚਾਇਤ ਦਾ ਹੀ ਜ਼ੁੰਮਾ ਹੈ। ਵੋਟਾਂ ਖਾਤਿਰ ਸਾਡੇ ਲੀਡਰਾਂ ਨੇ ਪਿੰਡਾਂ ਵਿੱਚ ਵੀ ਰਾਜਨੀਤੀ ਵਾੜ ਦਿੱਤੀ ਹੈ। ਹਰੇਕ ਪਾਰਟੀ ਆਪਣੇ ਹਿਮਾਇਤੀ ਨੂੰ ਸਰਪੰਚ ਬਣਾਉਣ ਦਾ ਯਤਨ ਕਰਦੀ ਹੈ। ਇਸ ਨਾਲ ਪਿੰਡਾਂ ਵਿੱਚ ਧੜੇਬੰਦੀ ਹੋ ਗਈ ਹੈ। ਲੋਕ ਰਾਜ ਦਾ ਮੁੱਖ ਅਸੂਲ ਕਿ ਵਿਕਾਸ ਹੇਠਾਂ ਤੋਂ ਸ਼ੁਰੂ ਹੋਣਾ ਚਾਹੀਦਾ ਹੈ, ਖਤਮ ਹੀ ਹੋ ਗਿਆ ਹੈ। ਪਿੰਡਾਂ ਵਿੱਚ ਧੜੇਬੰਦੀ ਕਾਰਨ ਝਗੜੇ ਪਿੰਡ ਵਿੱਚ ਹੀ ਖਤਮ ਹੋਣ ਦੀ ਥਾਂ ਥਾਣੇ ਅਤੇ ਕਚਿਹਰੀਆਂ ਵਿੱਚ ਜਾਣ ਲੱਗ ਪਏ ਹਨ। ਹੁਣ ਥਾਣੇ ਤੇ ਕਚਹਿਰੀਆਂ ਵਿੱਚ ਬਹੁਤੇ ਮੁਕੱਦਮੇ ਪਿੰਡ ਵਾਸੀਆਂ ਦੇ ਹੀ ਹੁੰਦੇ ਹਨ। ਰਾਜ ਦੇ ਅਤੇ ਦੇਸ਼ ਦੇ ਵਿਕਾਸ ਬਾਰੇ ਫ਼ੈਸਲੇ ਰਾਜ ਦੀ ਅਸੰਬਲੀ ਅਤੇ ਦੇਸ਼ ਦੀ ਪਾਰਲੀਮੈਂਟ ਕਰਦੀ ਹੈ। ਇੱਥੇ ਉਸਾਰੂ ਬਹਿਸ ਪਿਛੋਂ ਸਰਬ-ਸਮੰਤੀ ਨਾਲ ਫ਼ੈਸਲੇ ਹੋਣੇ ਚਾਹੀਦੇ ਹਨ। ਪਰ ਪਿਛਲੇ ਕੁੱਝ ਸਮੇਂ ਤੋਂ ਅਜਿਹਾ ਨਹੀਂ ਹੋ ਰਿਹਾ। ਤੱਥਾਂ ਅਧਾਰਿਤ ਬਹਿਸ ਦੀ ਥਾਂ ਸੱਤਾਧਾਰੀ ਅਤੇ ਵਿਰੋਧੀ ਧਿਰ ਵੱਲੋਂ ਇੱਕ ਦੂਜੇ ਉਤੇ ਚਿੱਕੜ ਸੁੱਟਿਆ ਜਾਂਦਾ ਹੈ। ਜਦੋਂ ਵਿਰੋਧੀ ਧਿਰ ਦੀ ਮੰਗ ਮੰਨੀ ਨਹੀਂ ਜਾਂਦੀ ਤਾਂ ਉਹ ਕੰਮ ਵਿੱਚ ਰੁਕਾਵਟ ਪਾਉਂਦੇ ਹਨ ਜਾਂ ਸਦਨ ਵਿੱਚੋਂ ਬਾਹਰ ਚਲੇ ਜਾਂਦੇ ਹਨ। ਸਰਕਾਰੀ ਧਿਰ ਵੀ ਸ਼ੈਸ਼ਨਾਂ ਦਾ ਸਮਾਂ ਘੱਟ ਕਰਨ ਦਾ ਯਤਨ ਕਰਦੀ ਹੈ। ਹਰੇਕ ਸੰਵਿਧਾਨ ਦੀ ਮਜ਼ਬੂਰੀ ਕਾਰਨ ਹੀ ਸ਼ੈਸ਼ਨ ਬੁਲਾਏ ਜਾਂਦੇ ਹਨ। ਲੋਕਰਾਜ ਦੇ ਮੁੱਢਲੇ ਸਾਲਾਂ ਵਿੱਚ ਤੱਥ ਅਧਾਰਿਤ ਸ਼ਾਂਤੀਪੂਰਵਕ ਵਿਚਾਰ ਵਟਾਂਦਰਾ ਹੁੰਦਾ ਸੀ। ਵਿਰੋਧੀ ਧਿਰ ਵੱਲੋਂ ਦਿੱਤੇ ਸੁਝਾਵਾਂ ਨੂੰ ਵਿਚਾਰਿਆ ਜਾਂਦਾ ਸੀ ਤੇ ਪੇਸ਼ ਹੋਏ ਬਿੱਲ ਵਿੱਚ ਲੋੜੀਂਦੀ ਤਬਦੀਲੀ ਕਰ ਲਈ ਜਾਂਦੀ ਸੀ। ਨੇਤਾ ਲੋਕ ਇੱਕ ਦੂਜੇ ਨਾਲ ਦੁਸ਼ਮਣਾਂ ਵਾਂਗ ਨਹੀਂ ਸਗੋਂ ਸਾਥੀਆਂ ਵਾਂਗ ਵਿਚਰਦੇ ਸਨ। ਇਸ ਵਾਰ ਦੇ ਪੰਜਾਬ ਅਸੰਬਲੀ ਅਤੇ ਪਾਰਲੀਮੈਂਟ ਤੇ ਬੱਜਟ ਸ਼ੈਸ਼ਨਾਂ ਨਾਲ ਝਾਤ ਮਾਰਦੇ ਹਾਂ। ਇਹ ਸ਼ੈਸ਼ਨ ਸਭ ਤੋਂ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਇਸ ਵਿੱਚ ਸੂਬੇ ਜਾਂ ਦੇਸ਼ ਦੇ ਵਿਕਾਸ ਦੀ ਅਗਲੇ ਸਾਲ ਲਈ ਦਿਸ਼ਾ ਨਿਰਧਾਰਿਤ ਕੀਤੀ ਜਾਂਦੀ ਹੈ। ਪੰਜਾਬ ਅਸੰਬਲੀ ਵਿੱਚ ਵਿੱਤ ਮੰਤਰੀ ਵੱਲੋਂ ਬੱਜਟ ਪੇਸ਼ ਕੀਤਾ ਗਿਆ। ਇਸ ਵਿੱਚ ਵੱਖ-ਵੱਖਰੇ ਮਹਿਕਮਿਆਂ ਲਈ ਰੱਖੇ ਪੈਸਿਆਂ ਦਾ ਵੇਰਵਾ ਸੀ। ਇਹ ਅਗਾਮੀ ਸਾਲ ਦੀ ਆਮਦਨ ਖਰਚ ਦਾ ਅੰਦਾਜ਼ਾ ਸੀ। ਬੱਜਟ ਘਾਟੇ ਵਾਲਾ ਹੀ ਹੁੰਦਾ ਹੈ। ਇਹ ਘਾਟਾ ਕਿਵੇਂ ਪੂਰਾ ਹੋਣਾ ਇਸ ਬਾਰੇ ਚੁੱਪ ਹੀ ਹੁੰਦੀ ਹੈ। ਸੂਬੇ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਕੁੱਝ ਨਹੀਂ ਸੀ। ਕੇਵਲ ਸੂਬੇ ਦੀਆਂ ਸਾਰੀਆਂ ਬੀਬੀਆਂ ਨੂੰ ਪੈਨਸ਼ਨ ਦੇਣ ਦਾ ਐਲਾਨ ਸੀ। ਇਹ ਨਹੀਂ ਦੱਸਿਆ ਗਿਆ ਕਿ ਇਸ ਦੀ ਲੋੜ ਕਿਉਂ ਹੈ। ਅਸੰਬਲੀ ਵਿੱਚ ਇਸ ਬਾਰੇ ਚਰਚਾ ਹੋਣ ਦੀ ਥਾਂ ਇੱਕ ਦੂਜੇ ਉਤੇ ਚਿੱਕੜ ਸੁਟਿਆ ਗਿਆ। ਗਲੀਆਂ ਵਿੱਚ ਹੋਣ ਵਾਲੀ ਲੜਾਈ ਵਾਂਗ ਇੱਕ ਦੂਜੇ ਨੂੰ ਮਿਹਣੇ ਮਾਰੇ ਗਏ। ਕਈ ਵਾਰ ਤਾਂ ਹੱਥੋਪਾਈ ਤੱਕ ਨੌਬਤ ਆ ਗਈ। ਵਿਰੋਧੀ ਧਿਰ ਦੇ ਵਾਕਆਊਟ ਪਿੱਛੋਂ ਬਿਨ੍ਹਾਂ ਕਿਸੇ ਵਿਚਾਰ ਵਟਾਂਦਰੇ ਦੇ ਬਜਟ ਪਾਸ ਹੋ ਗਿਆ। ਜਦੋਂ ਵੀ ਚੋਣਾਂ ਨੇੜੇ ਹੁੰਦੀਆਂ ਹਨ ਸੱਤਾਧਾਰੀ ਪਾਰਟੀ ਵੋਟਰਾਂ ਨੂੰ ਰਿਆਇਤਾਂ ਦਾ ਐਲਾਨ ਕਰਦੀ ਹੈ। ਦੂਜੀਆਂ ਪਾਰਟੀਆਂ ਉਸ ਤੋਂ ਵੱਧ ਐਲਾਨ ਕਰਦੀਆਂ ਹਨ। ਇਹ ਕੋਈ ਨਹੀਂ ਦੱਸਦਾ ਕਿ ਅਜਿਹਾ ਕਿਉਂ ਕੀਤਾ ਜਾ ਰਿਹਾ ਹੈ ਅਤੇ ਇਸ ਲਈ ਪੈਸਾ ਕਿੱਥੋਂ ਆਵੇਗਾ। ਇਹੋ ਹਾਲ ਪਾਰਲੀਮੈਂਟ ਦਾ ਹੈ। ਪਾਰਲੀਮੈਂਟ ਦਾ ਬਹੁਤਾ ਸਮਾਂ ਸ਼ੋਰ ਸ਼ਰਾਬੇ ਵਿੱਚ ਬਰਬਾਦ ਹੋ ਜਾਂਦਾ ਹੈ। ਦੇਸ਼ ਦੀਆਂ ਸਮੱਸਿਆਵਾਂ ਜਾਂ ਮੌਜੂਦਾ ਚੁਣੌਤੀਆਂ ਦਾ ਆਪਸੀ ਵਿਚਾਰ ਵਟਾਂਦਰੇ ਪਿੱਛੋਂ ਕੋਈ ਹੱਲ ਨਹੀਂ ਲੱਭਿਆ ਜਾਂਦਾ।

ਇਸੇ ਕਰਕੇ ਦੇਸ਼ ਦਾ ਵਿਕਾਸ ਆਪ ਮੁਹਾਰਾ ਹੋ ਰਿਹਾ ਹੈ। ਦੇਸ਼ ਤਰੱਕੀ ਕਰ ਰਿਹਾ ਹੈ ਪਰ ਬਹੁਤਾ ਲਾਭ ਅਮੀਰ ਤੱਬਕੇ ਨੂੰ ਹੋ ਰਿਹਾ ਹੈ। ਸਾਰਾ ਕੁੱਝ ਨਿੱਜੀ ਖੇਤਰ ਵੱਲ ਜਾ ਰਿਹਾ ਹੈ ਜਿਸ ਕਰਕੇ ਇਸ ਦੀ ਪਹੁੰਚ ਆਮ ਲੋਕਾਂ ਤੋਂ ਦੂਰ ਹੋ ਰਹੀ ਹੈ। ਅਮੀਰ ਹੋਰ ਅਮੀਰ ਹੋ ਰਹੇ ਹਨ ਤੇ ਗਰੀਬਾਂ ਦੀ ਗਿਣਤੀ ਵੱਧ ਰਹੀ ਹੈ। ਆਪਸੀ ਸਹਿਣਸ਼ੀਲਤਾ ਘੱਟ ਰਹੀ ਹੈ। ਇਹੋ ਕੁੱਝ ਆਮ ਲੋਕਾਂ ਵਿੱਚ ਵੀ ਆ ਰਿਹਾ ਹੈ।

**ਸਮੇਂ ਦੇ ਬੀਤਣ ਨਾਲ ਇਮਾਨਦਾਰੀ, ਦੇਸ਼ ਭਗਤੀ ਤੇ ਲੋਕ ਸੇਵਾ ਦੀ ਭਾਵਨਾ ਵਿੱਚ ਵਾਧਾ ਹੋਣਾ ਚਾਹੀਦਾ ਸੀ ਪਰ ਹੋ ਇਸ ਦੇ ਉਲਟ ਰਿਹਾ ਹੈ। ਹੁਣ ਰਾਜਨੀਤੀ ਲੋਕ ਸੇਵਾ ਲਈ ਨਹੀਂ ਸਗੋਂ ਸੱਤਾ ਦੀ ਪ੍ਰਾਪਤੀ ਲਈ ਕੀਤੀ ਜਾਂਦੀ ਹੈ; ਕਾਇਦੇ ਕਾਨੂੰਨ ਕੇਵਲ ਆਮ ਲੋਕਾਂ ਲਈ ਹਨ। ਨੇਤਾ ਲੋਕ ਰਾਜਿਆਂ ਵਾਂਗ ਆਪਣੇ ਆਪ ਨੂੰ ਇਸ ਤੋਂ ਉੱਤੇ ਸਮਝਦੇ ਹਨ। ਸਰਕਾਰੀ ਕਰਮਚਾਰੀਆਂ ਨੂੰ ਇਮਾਨਦਾਰੀ ਨਾਲ ਲੋਕ ਸੇਵਾ ਕਰਨ ਲਈ ਉਕਸਾਉਣ ਦੀ ਥਾਂ ਉਨ੍ਹਾਂ ਨੂੰ ਗਲਤ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਨੇਤਾ ਲੋਕਾਂ ਵੱਲੋਂ ਸਿਫ਼ਾਰਸ਼ ਕਰਨ ਦੀ ਕੀਮਤ ਵਸੂਲ ਕੀਤੀ ਜਾਂਦੀ ਹੈ।**

# ਜਲਵਾਯੂ ਤਬਦੀਲੀ ਲਈ ਮਨੁੱਖ ਖ਼ੁਦ ਜ਼ਿੰਮੇਵਾਰ



ਲਗਾਤਾਰ ਵਧ ਰਹੇ ਤਾਪਮਾਨ ਨੇ ਕੇਵਲ ਮਨੁੱਖੀ ਜੀਵਨ ਨੂੰ ਹੀ ਨਹੀਂ, ਬਲਕਿ ਪੰਛੀਆਂ, ਜਾਨਵਰਾਂ ਅਤੇ ਬਨਸਪਤੀ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਲੰਘੇ ਸਰਦੀ ਦੇ ਮੌਸਮ ਵਿੱਚ ਮੀਂਹ ਨਾਂਹ ਦੇ ਬਰਾਬਰ ਪਿਆ। ਇੰਝ ਜਾਪਦਾ ਸੀ ਜਿਵੇਂ ਸਰਦੀਆਂ ਵਿੱਚ ਪੈਣ ਵਾਲਾ ਰਹਿਮਤ ਦਾ ਮੀਂਹ ਸਾਡੇ ਨਾਲ ਰੁੱਸ ਹੀ ਗਿਆ ਹੋਵੇ। ਖੇਤੀਬਾੜੀ ਲਈ ਇਹ ਬਾਰਸ਼ ਬੇਹੱਦ ਜ਼ਰੂਰੀ ਹੁੰਦੀ ਹੈ। ਜਦੋਂ ਲੰਬੇ ਸਮੇਂ ਤੱਕ ਬੱਦਲ ਨਹੀਂ ਵਰ੍ਹਦੇ ਤਾਂ ਕਿਸਾਨ ਆਸਮਾਨ ਵੱਲ ਟਿਕਟਿਕੀ ਲਗਾ ਕੇ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਕੁਦਰਤ ਦੇ ਇਸ ਬਦਲੇ ਮਿਜ਼ਾਜ ਦਾ ਕਾਰਨ ਕੀ ਹੈ? ਲੰਘੀ ਸਰਦੀ ਵਿੱਚ ਮੀਂਹ ਨਾ ਪੈਣ ਕਰਕੇ ਫ਼ਸਲਾਂ ਦਾ ਝਾੜ ਤਾਂ ਪ੍ਰਭਾਵਿਤ ਹੋਇਆ ਹੀ, ਪਰ ਬਾਅਦ ਵਿੱਚ ਕਈ ਥਾਵਾਂ 'ਤੇ ਹੋਈ ਬੇਮੌਸਮੀ ਬਾਰਸ਼ ਅਤੇ ਗੜ੍ਹੇਮਾਰੀ ਨੇ ਕਣਕ ਦੀ ਪੱਕੀ ਫ਼ਸਲ ਨੂੰ ਬਰਬਾਦ ਕਰਕੇ ਰੱਖ ਦਿੱਤਾ। ਹੁਣ ਭਾਵੇਂ ਮੁੜ ਮੀਂਹ ਪੈਣੇ ਸ਼ੁਰੂ ਹੋ ਗਏ ਹਨ, ਪਰ ਕਈ ਇਲਾਕਿਆਂ ਵਿੱਚ ਇੰਨੀ ਜ਼ਿਆਦਾ ਬਾਰਸ਼ ਅਤੇ ਗੜ੍ਹੇਮਾਰੀ ਹੋ ਰਹੀ ਹੈ ਕਿ ਇਸ ਨਾਲ ਫ਼ਾਇਦੇ ਨਾਲੋਂ ਨੁਕਸਾਨ ਵਧੇਰੇ ਹੋ ਰਿਹਾ ਹੈ।

ਜੇਕਰ ਪਿਛਲਝਾਤ ਮਾਰੀ ਜਾਵੇ ਤਾਂ ਸਾਫ਼ ਮਹਿਸੂਸ ਹੁੰਦਾ ਹੈ ਕਿ ਬੀਤੇ ਕੁਝ ਸਾਲਾਂ ਤੋਂ ਮੌਸਮ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਨਤੀਜੇ ਵਜੋਂ, ਹੁਣ ਬਹੁਤ ਜ਼ਿਆਦਾ ਠੰਢ ਅਤੇ ਬਹੁਤ ਜ਼ਿਆਦਾ ਗਰਮੀ



ਪੈਣ ਲੱਗੀ ਹੈ- ਕਦੇ ਬੇਹਿਸਾਬ ਮੀਂਹ ਪੈਂਦਾ ਹੈ ਅਤੇ ਕਦੇ ਲੰਬਾ ਸੋਕਾ ਪੈ ਜਾਂਦਾ ਹੈ। ਇਸ ਅਣਕਿਆਸੇ ਬਦਲਾਅ ਕਾਰਨ ਧਰਤੀ 'ਤੇ ਰਹਿਣ ਵਾਲੇ ਮਨੁੱਖ, ਜੀਵ-ਜੰਤੂ, ਪੰਛੀ ਅਤੇ ਬਨਸਪਤੀ ਇਸ ਜਲਵਾਯੂ ਪਰਿਵਰਤਨ ਨਾਲ ਤਾਲਮੇਲ ਨਹੀਂ ਬਿਠਾ ਪਾ ਰਹੇ।

ਇਸ ਜਲਵਾਯੂ ਪਰਿਵਰਤਨ ਦਾ ਮੁੱਖ ਕਾਰਨ 'ਗਲੋਬਲ ਵਾਰਮਿੰਗ' ਹੈ, ਜਿਸ ਦਾ ਸਰਲ ਅਰਥ ਹੈ ਧਰਤੀ ਦੇ ਔਸਤ ਤਾਪਮਾਨ ਵਿੱਚ ਲਗਾਤਾਰ ਹੋ ਰਿਹਾ ਵਾਧਾ। ਕੁਝ ਕੁਦਰਤੀ ਕਾਰਨਾਂ ਅਤੇ ਜ਼ਿਆਦਾਤਰ ਮਨੁੱਖੀ ਗਤੀਵਿਧੀਆਂ ਕਰਕੇ ਧਰਤੀ ਦਾ ਤਾਪਮਾਨ ਨਿਰੰਤਰ ਵਧ ਰਿਹਾ ਹੈ। ਸ਼ਹਿਰਾਂ ਵੱਲ ਤੇਜ਼ੀ ਨਾਲ ਹੋ ਰਿਹਾ ਅੰਨ੍ਹੇਵਾਹ ਪਰਵਾਸ, ਉਦਯੋਗੀਕਰਨ, ਗੈਰ ਯੋਜਨਾਬੱਧ ਵਿਕਾਸ ਅਤੇ ਵਾਹਨਾਂ ਦੀ ਗਿਣਤੀ ਵਿੱਚ ਬੇਤਹਾਸ਼ਾ ਵਾਧਾ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਅਤੇ ਗਲੋਬਲ ਵਾਰਮਿੰਗ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਸ ਦੇ ਨਾਲ ਹੀ ਰਸਾਇਣਿਕ ਪਦਾਰਥਾਂ, ਪ੍ਰਮਾਣੂ ਬੰਬਾਂ ਅਤੇ ਹਾਈਡ੍ਰੋਜਨ ਬੰਬਾਂ ਵਰਗੇ ਅਤਿ ਵਿਨਾਸ਼ਕਾਰੀ ਹਥਿਆਰਾਂ ਦੀ ਅੰਨ੍ਹੀ ਦੌੜ ਨੇ ਮਨੁੱਖਤਾ, ਜਾਨਵਰਾਂ ਅਤੇ ਬਨਸਪਤੀ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਮੌਜੂਦਾ ਸਮੇਂ ਚੱਲ ਰਹੇ ਰੂਸ-ਯੂਕਰੇਨ ਅਤੇ ਇਜ਼ਰਾਈਲ-ਇਰਾਨ ਯੁੱਧ ਕਾਰਨ ਨਾ ਸਿਰਫ਼ ਮਨੁੱਖੀ ਜਾਨਾਂ ਦਾ ਘਾਣ ਹੋ ਰਿਹਾ ਹੈ, ਬਲਕਿ ਕੁਦਰਤ, ਵਾਤਾਵਰਣ ਅਤੇ ਬਨਸਪਤੀ ਨੂੰ ਵੀ ਅਜਿਹਾ ਨੁਕਸਾਨ ਪਹੁੰਚ ਰਿਹਾ ਹੈ ਜਿਸ ਦੀ ਭਰਪਾਈ ਅਸੰਭਵ ਹੈ।

ਗਲੋਬਲ ਵਾਰਮਿੰਗ ਕਾਰਨ ਕੁਦਰਤ ਵਿੱਚ ਆ ਰਹੇ ਬਦਲਾਵਾਂ ਤੋਂ ਅੱਜ ਹਰ ਕੋਈ ਵਾਕਫ਼ ਹੈ। ਜਲਵਾਯੂ ਪਰਿਵਰਤਨ ਦਾ ਮਾਰੂ ਅਸਰ ਹੁਣ ਹਰ ਵਰਗ ਅਤੇ ਹਰ ਜੀਵ 'ਤੇ ਸਾਫ਼ ਦਿਖਾਈ ਦੇ ਰਿਹਾ ਹੈ। ਮੌਸਮ ਦੇ ਬਦਲਦੇ ਮਿਜ਼ਾਜ ਕਾਰਨ ਫ਼ਲਾਂ, ਅਨਾਜਾਂ ਅਤੇ ਫ਼ਸਲਾਂ ਦੀ ਉਤਪਾਦਕਤਾ ਲਗਾਤਾਰ ਘਟਦੀ ਜਾ ਰਹੀ ਹੈ। ਚਿੰਤਾ ਦੀ ਗੱਲ ਇਹ ਹੈ ਕਿ ਇਸ ਤਬਦੀਲੀ ਕਾਰਨ ਫ਼ਲਾਂ, ਸਬਜ਼ੀਆਂ, ਅਨਾਜ ਅਤੇ ਹੋਰ ਜਿਣਸਾਂ ਦਾ ਕੁਦਰਤੀ ਸੁਹਜ, ਸਵਾਦ, ਮਹਿਕ ਅਤੇ ਪੌਸ਼ਟਿਕ ਗੁਣ ਹੁਣ ਪਹਿਲਾਂ ਵਰਗੇ ਨਹੀਂ ਰਹੇ। ਗਲੋਬਲ ਵਾਰਮਿੰਗ ਦਾ ਸਭ ਤੋਂ ਘਾਤਕ ਪ੍ਰਭਾਵ ਸਿਹਤ 'ਤੇ ਪੈ ਰਿਹਾ ਹੈ, ਜਿਸ ਕਾਰਨ ਮਨੁੱਖ ਨਿੱਤ ਨਵੀਆਂ ਅਤੇ ਨਾਮੁਰਾਦ ਬਿਮਾਰੀਆਂ ਦੀ ਜਕੜ ਵਿੱਚ ਆ ਰਿਹਾ ਹੈ। ਇਸ ਵਾਤਾਵਰਣਕ ਸੰਕਟ ਕਾਰਨ ਜੀਵ-ਜੰਤੂਆਂ ਅਤੇ ਬਨਸਪਤੀ ਦੀਆਂ ਕਈ ਦੁਰਲੱਭ ਪ੍ਰਜਾਤੀਆਂ ਦੀ ਹੋਂਦ ਹੀ ਖ਼ਤਰੇ ਵਿੱਚ ਪੈ ਗਈ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੁਦਰਤ ਨਾਲ ਹੋ ਰਹੇ ਇਸ ਖਿਲਵਾੜ ਲਈ ਆਖ਼ਰ ਜ਼ਿੰਮੇਵਾਰ ਕੌਣ ਹੈ? ਇਸ ਦਾ ਸਿੱਧਾ ਤੇ ਸਪੱਸ਼ਟ ਉੱਤਰ ਹੈ- ਮਨੁੱਖ। ਮਨੁੱਖ ਨੇ ਆਧੁਨਿਕਤਾ ਅਤੇ ਸ਼ਹਿਰੀਕਰਨ ਦੀ ਅੰਨ੍ਹੀ ਦੌੜ ਵਿੱਚ ਹਰੇ-ਭਰੇ ਦਰੱਖ਼ਤਾਂ ਦਾ ਬੇਕਦਰੀ ਨਾਲ ਉਜਾੜਾ ਕੀਤਾ ਹੈ। ਲਗਾਤਾਰ ਵਧ ਰਹੀ ਆਬਾਦੀ ਦੀਆਂ ਰਿਹਾਇਸ਼ੀ ਲੋੜਾਂ ਨੂੰ ਪੂਰਾ ਕਰਨ ਲਈ ਜੰਗਲਾਂ ਨੂੰ ਕੰਕਰੀਟ ਦੇ ਜੰਗਲਾਂ ਵਿੱਚ ਬਦਲਿਆ ਜਾ ਰਿਹਾ ਹੈ। ਖੇਤੀਬਾੜੀ ਵਿੱਚ ਵੱਧ ਪੈਦਾਵਾਰ ਲੈਣ ਦੀ ਹਵਸ ਨੇ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਅੰਨ੍ਹੀਂ ਵਰਤੋਂ ਨੂੰ ਉਤਸ਼ਾਹਿਤ ਕੀਤਾ ਹੈ, ਜਿਸ ਨੇ ਉਪਜਾਊ ਧਰਤੀ ਨੂੰ ਜ਼ਹਿਰੀਲੀ ਬਣਾ ਦਿੱਤਾ ਹੈ। ਉਦਯੋਗੀਕਰਨ ਅਤੇ ਮੁਨਾਫ਼ਾਖੋਰੀ ਦੇ ਇਸ ਦੌਰ ਵਿੱਚ ਮਨੁੱਖ ਨੇ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਬੁਰੀ ਤਰ੍ਹਾਂ ਗੰਧਲਾ ਕਰ ਦਿੱਤਾ ਹੈ। ਸਾਡੇ ਦਰਿਆਵਾਂ ਦਾ ਜੋ ਸ਼ੁੱਧ ਤੇ ਮਿੱਠਾ ਪਾਣੀ ਕਦੇ ਜੀਵਨ ਦਾ ਆਧਾਰ ਹੁੰਦਾ ਸੀ, ਉਹ ਅੱਜ ਖ਼ੁਦ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਵੰਡ ਰਿਹਾ ਹੈ। ਸੜਕਾਂ ਚੌੜੀਆਂ ਕਰਨ ਅਤੇ ਨਹਿਰਾਂ ਨੂੰ ਪੱਕਾ ਕਰਨ ਦੇ ਨਾਂ 'ਤੇ ਲੱਖਾਂ ਰੁੱਖਾਂ ਦੀ ਬਲੀ ਦਿੱਤੀ ਜਾ ਰਹੀ ਹੈ। ਵਿਕਾਸ ਦੇ ਨਾਂ 'ਤੇ ਕੁਦਰਤੀ ਪਹਾੜਾਂ ਨਾਲ ਕੀਤੀ ਜਾ ਰਹੀ ਬੇਲੋੜੀ ਛੇੜਛਾੜ ਕਾਰਨ ਧਰਤੀ ਦਾ ਵਾਤਾਵਰਣਕ ਸੰਤੁਲਨ ਵਿਗੜ ਰਿਹਾ ਹੈ। ਸਮੁੱਚੇ ਰੂਪ ਵਿੱਚ ਦੇਖਿਆ ਜਾਵੇ ਤਾਂ ਮਨੁੱਖ ਨੇ ਕੁਦਰਤ ਦਾ ਅਜਿਹਾ ਕੋਈ ਹਿੱਸਾ ਨਹੀਂ ਛੱਡਿਆ, ਜਿੱਥੇ ਉਸ ਨੇ ਆਪਣੀ ਸਵਾਰਥੀ ਘੁਸਪੈਠ ਨਾ ਕੀਤੀ ਹੋਵੇ।

ਗਲੋਬਲ ਵਾਰਮਿੰਗ ਦੇ ਮਾਰੂ ਪ੍ਰਭਾਵ ਹੁਣ ਪੂਰੀ ਤਰ੍ਹਾਂ ਸਾਡੇ ਸਾਹਮਣੇ ਆਉਣ ਲੱਗੇ ਹਨ। ਧਰਤੀ ਦਾ ਜਲਵਾਯੂ ਚੱਕਰ ਤੇਜ਼ੀ ਨਾਲ ਬਦਲ ਰਿਹਾ ਹੈ; ਗਰਮੀ, ਸਰਦੀ ਅਤੇ ਬਰਸਾਤ ਦਾ ਰਵਾਇਤੀ ਸਮਾਂ ਅਤੇ ਮਿਜ਼ਾਜ ਪੂਰੀ ਤਰ੍ਹਾਂ ਗੜਬੜਾ ਚੁੱਕਾ ਹੈ। ਇਸ ਦਾ ਪ੍ਰਤੱਖ ਪ੍ਰਭਾਵ ਗਲੇਸ਼ੀਅਰਾਂ ਦੇ ਨਿਰੰਤਰ ਪਿਘਲਣ, ਬਰਫ਼ੀਲੇ ਖੇਤਰਾਂ ਦੇ ਸੁੰਗੜਨ, ਮੌਨਸੂਨ ਦੇ ਬਦਲਦੇ ਪੈਟਰਨ, ਸਮੁੰਦਰੀ ਪੱਧਰ ਦੇ ਵਧਣ, ਵਾਤਾਵਰਣ ਪ੍ਰਣਾਲੀ ਵਿੱਚ ਆ ਰਹੀ ਖ਼ਤਰਨਾਕ ਤਬਦੀਲੀ ਅਤੇ ਲੂ ਦੀਆਂ ਮਾਰੂ ਲਹਿਰਾਂ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਅਜੋਕੇ ਦੌਰ ਵਿੱਚ ਮਨੁੱਖੀ ਜੀਵਨ ਦੀਆਂ ਵਧਦੀਆਂ ਸੁਖ-ਸਹੂਲਤਾਂ ਅਤੇ ਐਸ਼ੋ-ਆਰਾਮ ਦੀ ਭੁੱਖ ਨੇ ਸਾਡੀਆਂ ਲੋੜਾਂ ਨੂੰ ਬੇਅੰਤ ਵਧਾ ਦਿੱਤਾ ਹੈ। ਇਨ੍ਹਾਂ ਅੰਨ੍ਹੀਆਂ ਲੋੜਾਂ ਨੂੰ ਪੂਰਾ ਕਰਨ ਦੀ ਦੌੜ ਵਿੱਚ ਅਸੀਂ ਕੁਦਰਤ ਵੱਲੋਂ ਮੂੰਹ ਮੋੜ ਲਿਆ ਹੈ ਅਤੇ ਇਸ ਨਾਲ ਖਿਲਵਾੜ ਕਰਨ 'ਤੇ ਬਜ਼ਿੱਦ ਹਾਂ।

ਜੇਕਰ ਅਸੀਂ ਕੁਦਰਤ ਨਾਲ ਇਹ ਬੇਇਨਸਾਫ਼ੀ ਤੁਰੰਤ ਬੰਦ ਨਾ ਕੀਤੀ, ਤਾਂ ਉਹ ਦਿਨ ਦੂਰ ਨਹੀਂ ਜਦੋਂ ਭਵਿੱਖ ਵਿੱਚ ਸਾਡੇ ਕੋਲ ਪੀਣ ਲਈ ਸ਼ੁੱਧ ਪਾਣੀ ਅਤੇ ਖਾਣ ਲਈ ਸਾਫ਼-ਸੁਥਰਾ ਭੋਜਨ ਤਾਂ ਕੀ, ਸਾਹ ਲੈਣ ਲਈ ਸ਼ੁੱਧ ਹਵਾ ਵੀ ਨਸੀਬ ਨਹੀਂ ਹੋਵੇਗੀ। ਬੇਸ਼ੱਕ ਕੁਦਰਤ ਬਹੁਤ ਦਿਆਲੂ ਹੈ, ਇਹ ਇੱਕ ਹੱਦ ਤੱਕ ਮਨੁੱਖੀ ਗਲਤੀਆਂ ਨੂੰ ਬਰਦਾਸ਼ਤ ਕਰਦੀ ਹੈ ਅਤੇ ਸਭ ਜੀਵਾਂ ਨੂੰ ਬਰਾਬਰ ਸਮਝ ਕੇ ਵਿਹਾਰ ਕਰਦੀ ਹੈ। ਕੁਦਰਤ ਕਦੇ ਕਿਸੇ ਨਾਲ ਵਿਤਕਰਾ ਨਹੀਂ ਕਰਦੀ, ਪਰ ਜਦੋਂ ਇਸ ਦੇ ਸਬਰ ਦਾ ਬੰਨ੍ਹ ਟੁੱਟਦਾ ਹੈ ਤਾਂ ਵਿਨਾਸ਼ ਅਟੱਲ ਹੋ ਜਾਂਦਾ ਹੈ। ਇਸ ਭਿਆਨਕ ਸੰਕਟ ਤੋਂ ਬਚਣ ਲਈ ਸਾਨੂੰ ਅੱਜ ਹੀ ਸੁਚੇਤ ਹੋਣ ਦੀ ਲੋੜ ਹੈ। ਅਸੀਂ ਵੱਧ ਤੋਂ ਵੱਧ ਰੁੱਖ ਲਗਾ ਕੇ ਅਤੇ ਉਨ੍ਹਾਂ ਦੀ ਪੁੱਤਰਾਂ ਵਾਂਗ ਪਰਵਰਿਸ਼ ਕਰਕੇ ਕੁਦਰਤ ਨੂੰ ਬਚਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾ ਸਕਦੇ ਹਾਂ। ਅੱਜ ਸਾਨੂੰ ਸਾਰਿਆਂ ਨੂੰ ਆਤਮ-ਚਿੰਤਨ ਕਰਨ ਦੀ ਲੋੜ ਹੈ ਕਿ ਸਾਡਾ ਫ਼ਰਜ਼ ਕੁਦਰਤ ਦੀ ਸੰਭਾਲ ਕਰਨਾ ਹੈ ਜਾਂ ਆਪਣੇ ਸਵਾਰਥ ਲਈ ਇਸ ਦਾ ਉਜਾੜਾ ਕਰਨਾ? ਇਸ ਸਵਾਲ ਦਾ ਸਹੀ ਜਵਾਬ ਹੀ ਮਨੁੱਖਤਾ ਦੀ ਸੁਨਹਿਰੀ ਭਵਿੱਖ ਦੀ ਤਕਦੀਰ ਤੈਅ ਕਰੇਗਾ।

**- ਡਾ. ਸੰਦੀਪ ਸਿੰਘ ਮੁੰਡੇ**
**ਮੋਬਾਇਲ : 94136-52646**

# ਭਿੰਡੀ ਦੀ ਸਫਲ ਕਾਸ਼ਤ ਲਈ ਮਹੱਤਵਪੂਰਨ ਨੁਕਤੇ

**ਭਿੰਡੀ ਗਰਮੀ ਦੇ ਮੌਸਮ ਦੀ ਇੱਕ ਲਾਭਦਾਇਕ ਫ਼ਸਲ ਹੈ, ਜਿਸ ਦੀ ਚੰਗੀ ਪੈਦਾਵਾਰ ਲਈ ਗਰਮ ਅਤੇ ਨਮੀ ਵਾਲਾ ਮੌਸਮ ਚਾਹੀਦਾ ਹੈ। ਭਿੰਡੀ ਦੇ ਬੀਜ ਨੂੰ ਪੁੰਗਰਣ ਲਈ ਲਗਭਗ $29^{0}$ ਸੈਂਟੀਗ੍ਰੇਡ ਤਾਪਮਾਨ ਸਭ ਤੋਂ ਢੁਕਵਾਂ ਹੈ, ਜਦਕਿ ਤਾਪਮਾਨ $20^{0}$ ਸੈਂਟੀਗ੍ਰੇਡ ਤੋਂ ਘੱਟ ਨਹੀਂ ਹੋਣਾ ਚਾਹੀਦਾ।**



**ਸੁਧਰੀਆਂ ਕਿਸਮਾਂ :**

**ਪੰਜਾਬ ਸੁਹਾਵਣੀ :** ਇਹ ਇੱਕ ਦਰਮਿਆਨੀ-ਲੰਬੇ ਬੂਟਿਆਂ ਵਾਲੀ ਕਿਸਮ ਹੈ, ਜਿਸ ਦੇ ਪੱਤੇ ਡੂੰਘੇ ਕੱਟ ਵਾਲੇ ਅਤੇ ਗੂੜ੍ਹੇ ਹਰੇ ਰੰਗ ਦੇ ਹੁੰਦੇ ਹਨ। ਇਸ ਕਿਸਮ ਦੇ ਫਲ ਦਰਮਿਆਨੇ ਲੰਬੇ, ਕੋਮਲ ਅਤੇ ਪੰਜ-ਧਾਰ ਵਾਲੇ ਹਨ। ਇਹ ਕਿਸਮ ਪੀਲੀਏ (ਵਿਸ਼ਾਣੂ ਰੋਗ) ਪ੍ਰਤੀ ਸਹਿਣਸ਼ੀਲ ਹੈ ਅਤੇ ਪ੍ਰਤੀ ਏਕੜ ਲਗਭਗ 49 ਕੁਇੰਟਲ ਝਾੜ ਦਿੰਦੀ ਹੈ।

**ਪੰਜਾਬ-8 :** ਪੰਜਾਬ-8 ਕਿਸਮ ਵੀ ਦਰਮਿਆਨੀ ਉੱਚੀ ਹੈ, ਜਿਸਦੇ ਪੱਤਿਆਂ ਅਤੇ ਤਣਿਆਂ ਉੱਪਰ ਘੱਟ ਵਾਲ ਹੁੰਦੇ ਹਨ। ਇਸ ਕਿਸਮ ਦੇ ਫਲ ਲੰਬੇ, ਪਤਲੇ ਗੂੜ੍ਹੇ ਹਰੇ ਰੰਗ ਦੇ ਹੁੰਦੇ ਹਨ। ਇਸ ਵਿੱਚ ਤੇਲੇ ਅਤੇ ਚਿਤਕਬਰੀ ਸੁੰਡੀ ਪ੍ਰਤੀ ਦਰਮਿਆਨੀ ਸਹਿਣਸ਼ੀਲਤਾ ਹੈ ਅਤੇ ਡੱਬਾਬੰਦੀ ਅਤੇ ਪ੍ਰੋਸੈਸਿੰਗ ਲਈ ਵੀ ਢੁਕਵੀਂ ਹੈ। ਇਸ ਦਾ ਔਸਤਨ ਝਾੜ 55 ਕੁਇੰਟਲ ਪ੍ਰਤੀ ਏਕੜ ਹੈ।

**ਜ਼ਮੀਨ ਦੀ ਚੋਣ :** ਭਿੰਡੀ ਲਗਭਗ ਹਰ ਤਰ੍ਹਾਂ ਦੀ ਮਿੱਟੀ ਵਿੱਚ ਉਗਾਈ ਜਾ ਸਕਦੀ ਹੈ, ਪਰ ਚੰਗੇ ਨਿਕਾਸ ਵਾਲੀ, ਭੁਰਭੁਰੀ, ਹਲਕੀ ਅਤੇ ਰੇਤਲੀ ਮੈਰਾ ਤੋਂ ਮੈਰਾ ਇਸ ਦੀ ਕਾਸ਼ਤ ਲਈ ਸਭ ਤੋਂ ਢੁਕਵੀਂ ਹੈ। ਭਿੰਡੀ ਹਲਕਾ ਤੇਜ਼ਾਬੀ ਮਾਦਾ (ਪੀ. ਐਚ. 6.8 ਤੋਂ 6.0) ਸਹਿਣ ਕਰ ਸਕਦੀ ਹੈ।

**ਬੀਜ, ਬਿਜਾਈ ਦਾ ਸਮਾਂ ਅਤੇ ਤਰੀਕਾ :** ਭਿੰਡੀ ਦੀ ਜੂਨ-ਜੁਲਾਈ ਵਿੱਚ ਬਿਜਾਈ ਲਈ 4-6 ਕਿਲੋ ਬੀਜ ਦੀ ਲੋੜ ਹੁੰਦੀ ਹੈ। ਬਿਜਾਈ ਤੋਂ ਪਹਿਲਾਂ ਬੀਜ ਨੂੰ 24 ਘੰਟੇ ਪਾਣੀ ਵਿੱਚ ਭਿਉਂ ਕੇ ਰੱਖਣ ਨਾਲ ਬੀਜ ਦੇ ਪੁੰਗਰਨ ਵਿੱਚ ਵਾਧਾ ਹੁੰਦਾ ਹੈ। ਇਸ ਦੀ ਬਿਜਾਈ ਸਮੇਂ ਕਤਾਰਾਂ ਤੋਂ ਕਤਾਰਾਂ ਦੀ ਫਾਸਲਾ 45 ਸੈਂਟੀਮੀਟਰ ਅਤੇ ਪੌਦੇ ਤੋਂ ਪੌਦੇ ਵਿਚਕਾਰ 15 ਸੈਂਟੀਮੀਟਰ ਹੋਣਾ ਚਾਹੀਦਾ ਹੈ।

**ਖਾਦ ਅਤੇ ਨਦੀਨ ਪ੍ਰਬੰਧਨ :** ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਅਤੇ ਵਧੀਆ ਝਾੜ ਲਈ ਬਿਜਾਈ ਤੋਂ ਪਹਿਲਾਂ 15-20 ਟਨ ਚੰਗੀ ਤਰ੍ਹਾਂ ਗਲੀ-ਸੜੀ ਹੋਈ ਰੂੜੀ ਦੀ ਖਾਦ ਨੂੰ ਖੇਤ ਵਿੱਚ ਪਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ 36 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਨੂੰ (80 ਕਿਲੋ ਯੂਰੀਆ) ਦੋ ਭਾਗਾਂ ਵਿੱਚ ਵੰਡ ਕੇ (1/2 ਬਿਜਾਈ ਵੇਲੇ ਅਤੇ 1/2 ਲਗਭਗ 40 ਦਿਨਾਂ ਜਾਂ ਪਹਿਲੀ ਤੁੜਾਈ) ਪਾਉ। ਨਦੀਨਾਂ ਤੋਂ ਰੋਕਥਾਮ ਲਈ ਲਗਭਗ 3-4 ਗੋਡੀਆਂ ਦੀ ਲੋੜ ਹੁੰਦੀ ਹੈ, ਜੋ ਫ਼ਸਲ ਦੇ ਉੱਗਣ ਤੋਂ ਦੋ ਹਫਤਿਆਂ ਬਾਅਦ ਸ਼ੁਰੂ ਕਰਨ ਤੋਂ ਬਾਅਦ 15 ਦਿਨਾਂ ਦੇ ਅੰਤਰਾਲ 'ਤੇ ਕਰਨੀਆਂ ਚਾਹੀਦੀਆਂ ਹਨ। ਨਦੀਨਾਂ ਦੇ ਸਹੀ ਪ੍ਰਬੰਧਨ ਨਾਲ ਫ਼ਸਲ ਦੇ ਵਾਧੇ ਲਈ ਜ਼ਰੂਰੀ ਤੱਤਾਂ ਦਾ ਮੁਕਾਬਲਾ ਘਟਦਾ ਹੈ ਅਤੇ ਵਧੀਆ ਝਾੜ ਮਿਲਦਾ ਹੈ।

**ਸਿੰਚਾਈ :** ਭਿੰਡੀ ਦੀ ਬਿਜਾਈ ਸਹੀ ਵੱਤਰ 'ਤੇ ਕਰੋ। ਇਸ ਤੋਂ ਬਾਅਦ ਬਰਸਾਤੀ ਮੌਸਮ ਦੌਰਾਨ ਸਿੰਚਾਈ ਮੌਸਮ ਅਤੇ ਮਿੱਟੀ ਦੀ ਨਮੀ 'ਤੇ ਨਿਰਭਰ ਕਰਦੀ ਹੈ, ਜਦੋਂਕਿ ਗਰਮੀਆਂ ਵਿੱਚ ਬਿਜਾਈ ਤੋਂ 4-5 ਦਿਨਾਂ ਬਾਅਦ ਪਾਣੀ ਦਿਉ ਅਤੇ ਹਰ 6-7 ਦਿਨਾਂ ਬਾਅਦ ਜਾਰੀ ਰੱਖੋ।

**ਤੁੜਾਈ :** ਤਾਜ਼ੀ ਸਬਜ਼ੀ ਦੇ ਤੌਰ 'ਤੇ ਵਰਤੋਂ ਲਈ ਨਰਮ ਫ਼ਲ (10 ਸੈਂਟੀਮੀਟਰ ਲੰਬਾਈ) ਬਿਜਾਈ ਤੋਂ 45-50 ਦਿਨਾਂ ਬਾਅਦ ਕਿਸਮ ਅਤੇ ਮੌਸਮ ਦੇ ਆਧਾਰ 'ਤੇ ਤੁੜਾਈ ਕਰਨ ਯੋਗ ਹੋ ਜਾਂਦੇ ਹਨ। ਆਮ ਤੌਰ 'ਤੇ 10-12 ਤੁੜਾਈਆਂ ਹੋ ਜਾਂਦੀਆਂ ਹਨ।

**ਕਰਮਵੀਰ ਸਿੰਘ ਗਰਚਾ ਅਤੇ ਮਨਿੰਦਰ ਸਿੰਘ ਬੌਂਸ, ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ (ਹੁਸ਼ਿਆਰਪੁਰ) ਮੋ. 99881-81540**

# ਗਰਮੀਆਂ ਵਿੱਚ ਮੁਰਗੀਆਂ ਦਾ ਸੁਚੱਜਾ ਪ੍ਰਬੰਧਨ



**ਗਰਮੀਆਂ ਦਾ ਤਣਾਅ ਨਾ ਸਿਰਫ ਮੁਰਗੀਆਂ ਵਿੱਚ ਮਾੜੀ ਕਾਰਗੁਜ਼ਾਰੀ ਲਿਆਉਂਦਾ ਹੈ, ਬਲਕਿ ਘੱਟ ਵਿਕਾਸ ਦਰ, ਘੱਟ ਉਤਪਾਦਨ ਅਤੇ ਉੱਚ ਮੌਤ ਦਰ ਦੇ ਰੂਪ ਵਿੱਚ ਵੱਡੇ ਆਰਥਿਕ ਨੁਕਸਾਨ ਲਈ ਵੀ ਜ਼ਿੰਮੇਵਾਰ ਹੁੰਦਾ ਹੈ। ਮੌਸਮੀ ਪ੍ਰਬੰਧਨ ਲਈ ਪੋਲਟਰੀ ਫਾਰਮ ਦੀ ਬਣਤਰ ਪੂਰਬ ਤੋਂ ਪੱਛਮ ਦਿਸ਼ਾ ਵੱਲ ਰੱਖੋ।**

★ ਮੁਰਗੀਆਂ ਦੇ ਸ਼ੈਡ ਨੂੰ ਸਿੱਧੀ ਧੁੱਪ ਅਤੇ ਮੀਂਹ ਤੋਂ ਬਚਾਉਣ ਲਈ 1 ਮੀਟਰ ਦਾ ਉਵਰਹੈਂਗ ਜ਼ਰੂਰ ਦਿਉ।

★ ਛੱਤ ਨੂੰ ਚੂਨੇ ਨਾਲ ਚਿੱਟਾ ਕਰਨ ਨਾਲ ਸ਼ੈਡ ਦੇ ਅੰਦਰ ਤਾਪਮਾਨ ਘਟਾਉਣ ਵਿੱਚ ਮਦਦ ਮਿਲਦੀ ਹੈ।

★ ਛੱਤ ਨੂੰ ਠੰਡਾ ਕਰਨ ਲਈ ਸ਼ੈਡ ਦੇ ਉਪਰ ਸਪ੍ਰਿੰਕਲਰ ਲਗਾਉ।

★ ਛੱਤ ਦੀਆਂ ਕੰਧਾਂ 'ਤੇ ਬਾਰਦਾਨੇ ਦੀ ਵਰਤੋਂ ਕਰੋ, ਜਿਸ ਉੱਤੇ ਤੁਪਕਾ ਪਾਣੀ ਵੀ ਲਗਾਇਆ ਜਾ ਸਕਦਾ ਹੈ।

★ ਸ਼ੈਡ ਨੇੜੇ ਛਾਂ ਵਾਲੇ ਰੁੱਖ ਲਗਾਉ।

★ ਜੰਗਲੀ ਪੰਛੀਆਂ ਨੂੰ ਸ਼ੈਡ ਅੰਦਰ ਦਾਖਲ ਨਾ ਹੋਣ ਦਿਉ।

★ ਸ਼ੈਡ ਹਵਾਦਾਰ ਹੋਣ ਅਤੇ ਉਨ੍ਹਾਂ ਅੰਦਰ ਕੂਲਰ ਪੱਖੇ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮੁਰਗੀ ਘਰ ਹੋਰ ਇਮਾਰਤਾਂ ਤੋਂ ਦੂਰ ਹੋਣੇ ਚਾਹੀਦੇ ਹਨ।

★ ਠੰਡੇ ਅਤੇ ਤਾਜ਼ੇ ਪਾਣੀ ਦੀ ਨਿਰੰਤਰ ਸਪਲਾਈ ਪ੍ਰਦਾਨ ਕਰੋ। ਗਰਮੀਆਂ ਵਿੱਚ ਪਾਣੀ ਦੀ ਖਪਤ ਫੀਡ ਦੀ ਮਾਤਰਾ ਤੋਂ 3-4 ਗੁਣਾ ਵੱਧ ਜਾਂਦੀ ਹੈ।

★ ਪਾਣੀ ਵਾਲੀਆਂ ਪਾਈਪਾਂ ਨੂੰ ਸਿੱਧੀ ਧੁੱਪ ਦੇ ਸੰਪਰਕ ਵਿੱਚ ਆਉਣ ਤੋਂ ਬਚਾਉ ਅਤੇ ਜੇ ਸੰਭਵ ਹੋਵੇ ਤਾਂ ਢੱਕ ਦਿਉ।

★ ਪ੍ਰਤੀਰੋਧਕ ਸ਼ਕਤੀ ਬਿਹਤਰ ਬਣਾਉਣ ਲਈ ਅਤੇ ਗਰਮੀ ਦਾ ਤਣਾਅ ਦਰ ਕਰਨ ਲਈ ਵਾਧੂ ਵਿਟਾਮਿਨ ਅਤੇ ਖਣਿਜ ਜ਼ਰੂਰੀ ਹਨ। ਪਾਣੀ ਵਿੱਚ ਇਲੈਕਟ੍ਰੋਲਾਈਟਸ ਵੀ ਦਿਉ।

★ ਤਾਪਮਾਨ ਵਿੱਚ ਹਰ ਡਿਗਰੀ ਸੈਲਸੀਅਸ ਵਾਧੇ ਨਾਲ ਫੀਡ ਦੀ ਮਾਤਰਾ 25% ਘੱਟ ਜਾਂਦੀ ਹੈ। ਸੋ ਫੀਡ ਚੰਗੀ ਗੁਣਵੱਤਾ ਵਾਲੀ ਅਤੇ 10-15% ਵਧੇਰੇ ਅਮੀਨੋ ਐਸਿਡ ਵਾਲੀ ਦਿਉ। ਲਾਈਸਿਨ ਅਤੇ ਆਰਜੀਨਿਨ ਅਮੀਨੋ ਐਸਿਡ ਦੀ ਘਾਟ ਰੋਕਣ ਲਈ ਖੁਰਾਕ ਵਿੱਚ ਸੋਇਆ, ਤਿਲ ਕੇਕ ਅਤੇ ਸੂਰਜਮੁਖੀ ਦੀ ਵਰਤੋਂ ਕੀਤੀ ਜਾ ਸਕਦੀ ਹੈ।

★ ਪੰਛੀਆਂ ਵਿੱਚ ਝਗੜਾ ਘਟਾਉਣ ਲਈ ਖਾਣ ਦੇ ਫੀਡਰਾਂ ਅਤੇ ਪੀਣ ਵਾਲੇ ਭਾਂਡਿਆਂ ਦੀ ਗਿਣਤੀ ਵਧਾਉ।

★ ਗਰਮੀਆਂ ਦੌਰਾਨ ਉੱਚ ਊਰਜਾ ਵਾਲੀ ਖੁਰਾਕ ਦਿਉ, ਕਿਉਂਕਿ ਪੰਛੀ ਸਾਹ ਲੈਂਦੇ ਸਮੇਂ ਵਧੇਰੇ ਊਰਜਾ ਗੁਆ ਦਿੰਦੇ ਹਨ।

★ ਖੁਰਾਕ ਵਿੱਚ ਐਂਟੀਆਕਸੀਡੈਂਟ (ਜਿਵੇਂ ਵਿਟਾਮਿਨ ਸੀ ਅਤੇ ਈ) ਤਣਾਅ ਨੂੰ ਘਟਾਉਣ ਅਤੇ ਫੀਡ ਦੀ ਖਪਤ ਨੂੰ ਬਿਹਤਰ ਬਣਾਉਣ ਲਈ ਮਦਦਗਾਰ ਹੁੰਦੇ ਹਨ, ਨਾਲ ਹੀ ਸਰੀਰ ਦੇ ਭਾਰ ਵਿੱਚ ਵਾਧਾ ਬਰਕਰਾਰ ਰਹਿੰਦਾ ਹੈ।

★ ਪ੍ਰੋਬਉਟਿਕਸ ਦੀ ਵਰਤੋਂ ਨਾਲ ਪਾਚਣ ਪ੍ਰਣਾਲੀ ਦੀ ਸਿਹਤ ਠੀਕ ਰਹਿੰਦੀ ਹੈ।

**ਮਧੂ ਸ਼ੈਲੀ ਅਤੇ ਅਜੈ ਗੋਦਾਰਾ, ਕੇ. ਵੀ. ਕੇ., ਮਾਨਸਾ (ਮੋ. 96434-42427)**



# ਕਣਕਾਂ ਦੇ ਵੱਢਾਂ ਵਿੱਚ ਏਨੀ ਚੁੱਪ ਕਿਉਂ ਪਸਰੀ ਐ?

ਹਨੇਰੀਆਂ ਤਾਂ ਪਹਿਲਾਂ ਵੀ ਬਥੇਰੀਆਂ ਆਉਂਦੀਆਂ ਹੁੰਦੀਆਂ ਸਨ, ਹਵਾ ਦੇ ਗੋਲ-ਗੋਲ ਘੁੰਮਦੇ ਵਾ-ਵਰੋਲਿਆਂ ਵਿੱਚ ਵੱਢੀ ਕਣਕ ਦੀਆਂ ਸੱਥਰੀਆਂ ਅਸਮਾਨੀ ਘੁੰਮਦੀਆਂ ਕਿਸੇ ਦੂਸਰੇ ਦੇ ਖੇਤਾਂ ਵਿੱਚ ਤੀਲਾ-ਤੀਲਾ ਹੋ ਕੇ ਆਮ ਹੀ ਖਿੰਡਰ ਜਾਂਦੀਆਂ ਸਨ। ਖੇਤਾਂ ਵਿੱਚ ਕੰਮ ਕਰਨ ਵਾਲੇ ਆਪਣੀਆਂ ਅੱਖਾਂ ਅੱਗੇ ਹੱਥ ਧਰ ਕੇ ਵਾ-ਵਰੋਲੇ ਦੇ ਮਿੱਟੀ-ਘੱਟੇ ਤੋਂ ਬਚਾਅ ਕਰਦੇ। ਅਜਿਹੇ ਵਿੱਚ ਬੱਦਲਾਂ ਦੀ ਗਰਜ ਤੇ ਚਮਕ ਨਾਲ ਤਾਂ ਲੋਕਾਂ ਦੇ ਸਾਹ ਹੀ ਸੂਤੇ ਜਾਂਦੇ ਸਨ। ਇਸ ਵਾਰ ਅਪ੍ਰੈਲ ਮਹੀਨੇ ਦੇ ਸ਼ੁਰੂ ਵਿੱਚ ਕਈ ਦਿਨਾਂ ਤੱਕ ਖਰਾਬ ਰਹੇ ਮੌਸਮ ਨੇ ਹਰ ਕਿਸੇ ਦੇ ਕੰਨਾਂ ਨੂੰ ਹੱਥ ਲੁਆ ਦਿੱਤੇ ਸਨ, ਮੌਸਮ ਥੋੜ੍ਹਾ ਵੱਲ ਹੋਇਆ ਤਾਂ ਹੋਰਾਂ ਵਾਂਗ ਅਸੀਂ ਵੀ ਕੰਬਾਈਨ ਵਾਲੇ ਤੋਂ ਵਾਰੀ ਮੱਲ ਲਈ ਕਿ ਹਾੜੀ ਸੁੱਖੀ-ਸਾਂਦੀ ਸਾਂਭੀ ਜਾ ਸਕੇ। ਇਕ-ਡੇਢ ਵਜੇ ਮੁੰਡਿਆਂ ਗੰਢਿਆਲ ਨਾਲ ਦੀ ਪੈਲੀ ਵਿੱਚ ਕੰਬਾਈਨ ਦਾ ਆਣ ਸਟੇਰਿੰਗ ਘੁੰਮਾਇਆ ਤੇ ਦੋ-ਢਾਈ ਘੰਟਿਆਂ ਵਿੱਚ ਖੇਤ ਖਾਲੀ ਕਰਤਾ। ਉਹ ਕਿੰਨੀ ਤੇਜ਼ੀ ਨਾਲ ਆਏ, ਉਸੇ ਤੇਜ਼ੀ ਨਾਲ ਪਿੰਡੋਂ ਪਾਰਲੇ ਪਾਸੇ ਕਿਸੇ ਹੋਰ ਦੀ ਪੈਲੀ ਨੂੰ ਮੁਹਾਰਾ ਮੋੜ ਗਏ। ਤੁਰੀ ਜਾਂਦੀ ਕੰਬਾਈਨ ਦਾ ਨਿੰਮਾ-ਨਿੰਮਾ ਜਿਹਾ ਸ਼ੋਰ ਮੈਨੂੰ ਲਗਾਤਾਰ ਸੁਣਾਈ ਦੇ ਰਿਹਾ ਸੀ। ਹਰ ਇਕ ਨੂੰ ਕਾਹਲ ਐ, ਦਾਣਾ-ਫੱਕਾ ਵੇਲੇ ਸਿਰ ਸਾਂਭਿਆ ਜਾਵੇ। ਜਿੱਧਰ ਵੀ ਨਿਗ੍ਹਾ ਜਾਂਦੀ ਏ, ਦੂਰ-ਦੂਰ ਤੀਕ ਕਣਕਾਂ ਦੇ ਖਾਲੀ ਵੱਢ ਨੇ। ਜਿੱਥੇ ਮੈਂ ਖੜ੍ਹਾ, ਇਥੇ ਤਿੰਨ ਪਿੰਡਾਂ ਦੀ ਹੱਦ ਲਗਦੀ ਐ। ਮਹਿਕਮਾ ਮਾਲ ਦੀ ਉਹ ਬੁਰਜੀ ਇਸੇ ਕਿੱਲੇ ਦੇ ਪਰਲੇ ਕੰਢੇ 'ਤੇ ਐ। ਬਾਪ ਮੇਰਾ ਇਸ ਨੂੰ 'ਤਿਹੱਦਾ' ਕਹਿੰਦਾ ਹੁੰਦਾ ਸੀ, ਪਟਵਾਰੀਆਂ ਦੇ ਛਿਜਰੇ ਵਿੱਚ ਸ਼ਾਇਦ 'ਤ੍ਰੈ-ਹੱਦਾ' ਹੋਵੇ।



ਮੈਂ ਇਸ ਤਿਹੱਦੇ ਦੇ ਕੋਲ ਖੜ੍ਹਾ ਤਿੰਨੋਂ ਦਿਸ਼ਾਵਾਂ ਵੱਲ ਝਾਤੀ ਮਾਰੀ ਤਾਂ ਚਾਰੇ ਪਾਸੇ ਭਾਂ-ਭਾਂ ਕਰਦੇ ਖਾਲੀ ਵੱਢ ਵਿੱਚ ਕੋਈ ਬੰਦਾ ਤੇ ਪਰਿੰਦਾ ਨਾ ਹੋਣ ਕਰਕੇ ਚਾਰ-ਚੁਫੇਰੇ ਸੁੰਨ ਪਸਰੀ ਪਈ ਸੀ। ਮੈਂ ਸੋਚਦਾਂ ਕਿ ਇਨ੍ਹਾਂ ਦਿਨਾਂ ਵਿੱਚ ਤਾਂ ਖੇਤਾਂ ਵਿੱਚ ਦਿਨ-ਰਾਤ ਰੌਣਕਾਂ ਰਹਿੰਦੀਆਂ ਸਨ। ਪੱਕੀਆਂ ਕਣਕਾਂ ਵੱਢਣ, ਬੰਨ੍ਹਣ, ਗਾਹੁਣ ਤੇ ਸੰਭਾਲਣ ਲਈ ਪੂਰਾ ਪਿੰਡ ਪੱਬਾਂ ਭਾਰ ਹੋਇਆ ਹੁੰਦਾ ਸੀ। ਲਾਲ ਲਕੀਰ ਵਾਲੇ ਪਿੰਡ ਦੀ ਫਿਰਨੀ ਦੇ ਅੰਦਰਵਾਰ ਵਸਦੇ ਹਰ ਕਿੱਤੇ ਵਾਲੇ ਬੇ-ਜ਼ਮੀਨੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਸੋਨੇ ਰੰਗੀਆਂ ਕਣਕਾਂ ਸਾਂਭਣ ਲਈ ਹੱਥ ਵਟਾ ਰਹੇ ਹੁੰਦੇ ਸਨ। ਪੈਰਾਂ ਭਾਰ ਬੈਠੇ ਪਾਲਾਂ ਦੀਆਂ ਪਾਲਾਂ ਗੱਭਰੂ ਕਾਮਿਆਂ ਦੀਆਂ ਦਾਤਰੀਆਂ ਸਾਰਾ ਦਿਨ ਪੱਕੀਆਂ ਕਣਕਾਂ ਦੇ ਕਲਾਵੇ ਭਰਦੀਆਂ, ਸ਼ਾਮ ਢਲੇ ਵੱਢੀ ਕਣਕ ਦੀਆਂ ਭਰੀਆਂ ਬੱਝਦੀਆਂ। ਫਿਰ ਭਰੀਆਂ ਦੇ ਖਿਲਵਾੜੇ ਲੱਗਣ 'ਤੇ ਖਿਲਵਾੜਿਆਂ ਦੀ ਰਾਖੀ ਮੰਜੀਆਂ ਡਿੱਠਦੀਆਂ। ਕਈ-ਕਈ ਰਾਤਾਂ ਪਿੰਡਾਂ ਵਿੱਚ ਲੰਘਦੀਆਂ, ਦਿਨ-ਰਾਤ ਥਰੈਸ਼ਰ ਚਲਦੇ। ਥੱਬਿਆਂ ਦੇ ਥੱਬੇ ਚੀਰਨੀਆਂ ਲਗਦੀਆਂ। ਅਸਮਾਨ ਛੂੰਹਦੀ ਚਾਂਦੀ ਰੰਗੀ ਭਾਹਾਂ ਮਾਰਦੀ ਤੂੜੀ ਦੀ ਧੜ ਅੱਧੀ ਪੈਲੀ ਮੱਲ ਲੈਂਦੀ ਸੀ। ਭੱਜ-ਭੱਜ ਕੰਮ ਕਰਦੇ ਕਾਮਿਆਂ ਦੇ ਢੋਲੇ-ਮਾਹੀਏ ਗਾਉਣ ਦੀਆਂ ਆਵਾਜ਼ਾਂ ਚਾਰ-ਚੁਫੇਰੇ ਗੂੰਜਦੀਆਂ, ਉਸ ਵੇਲੇ ਪਿੰਡ ਦੇ ਨਾਲ-ਨਾਲ ਇਹ ਜ਼ਮੀਨਾਂ ਵੀ ਜਾਗਦੀਆਂ ਪ੍ਰਤੀਤ ਹੁੰਦੀਆਂ ਸਨ।

> **ਇਸ ਵਾਰ ਅਪ੍ਰੈਲ ਮਹੀਨੇ ਦੇ ਸ਼ੁਰੂ ਵਿੱਚ ਕਈ ਦਿਨਾਂ ਤੱਕ ਖਰਾਬ ਰਹੇ ਮੌਸਮ ਨੇ ਹਰ ਕਿਸੇ ਦੇ ਕੰਨਾਂ ਨੂੰ ਹੱਥ ਲੁਆ ਦਿੱਤੇ ਸਨ, ਮੌਸਮ ਥੋੜ੍ਹਾ ਵੱਲ ਹੋਇਆ ਤਾਂ ਹੋਰਾਂ ਵਾਂਗ ਅਸੀਂ ਵੀ ਕੰਬਾਈਨ ਵਾਲੇ ਤੋਂ ਵਾਰੀ ਮੱਲ ਲਈ ਕਿ ਹਾੜੀ ਸੁੱਖੀ-ਸਾਂਦੀ ਸਾਂਭੀ ਜਾ ਸਕੇ। ਇਕ-ਡੇਢ ਵਜੇ ਮੁੰਡਿਆਂ ਗੰਢਿਆਲ ਨਾਲ ਦੀ ਪੈਲੀ ਵਿੱਚ ਕੰਬਾਈਨ ਦਾ ਆਣ ਸਟੇਰਿੰਗ ਘੁੰਮਾਇਆ ਤੇ ਦੋ-ਢਾਈ ਘੰਟਿਆਂ ਵਿੱਚ ਖੇਤ ਖਾਲੀ ਕਰਤਾ। ਉਹ ਕਿੰਨੀ ਤੇਜ਼ੀ ਨਾਲ ਆਏ, ਉਸੇ ਤੇਜ਼ੀ ਨਾਲ ਪਿੰਡੋਂ ਪਾਰਲੇ ਪਾਸੇ ਕਿਸੇ ਹੋਰ ਦੀ ਪੈਲੀ ਨੂੰ ਮੁਹਾਰਾ ਮੋੜ ਗਏ। ਤੁਰੀ ਜਾਂਦੀ ਕੰਬਾਈਨ ਦਾ ਨਿੰਮਾ-ਨਿੰਮਾ ਜਿਹਾ ਸ਼ੋਰ ਮੈਨੂੰ ਲਗਾਤਾਰ ਸੁਣਾਈ ਦੇ ਰਿਹਾ ਸੀ।**

ਜਦੋਂ ਮੈਂ ਤਿਹੱਦੇ ਵਾਲੀ ਨੁੱਕਰੋਂ ਪਿਛਾਂਹ ਪਰਤਣ ਲੱਗਾ ਤਾਂ ਬੰਨ੍ਹੇ ਦੇ ਨਾਲ 4-5 ਤੀਲੇ ਸਿੱਟਿਆਂ ਸਣੇ ਖੜ੍ਹੇ ਹਵਾ ਵਿੱਚ ਝੂਲ ਰਹੇ ਸਨ, ਜੋ ਕੰਬਾਈਨ ਦੇ ਬਲੇਡ ਦੀ ਮਾਰ ਹੇਠ ਨਹੀਂ ਆਏ ਸਨ। ਮੈਂ ਇਨ੍ਹਾਂ ਨੂੰ ਆਪਣੇ ਘਰ ਦੀਆਂ ਬਰੂਹਾਂ 'ਤੇ ਟੰਗਣ ਲਈ ਨਾੜ ਸਣੇ ਤੋੜਨ ਦੀ ਕੋਸ਼ਿਸ਼ ਕਰਦਿਆਂ ਸੋਚਦਾ ਕਿ ਇਕ ਜ਼ਮਾਨੇ ਵਿੱਚ ਬਾਪ ਸਾਡਾ ਇਸੇ ਨੁੱਕਰੇ ਛੀਓੜੰਬਾ ਛੱਡਦਾ ਹੁੰਦਾ ਸੀ। ਵਾਢੀ ਨੇਪਰੇ ਚੜ੍ਹਨ ਵਾਲੇ ਆਖਰੀ ਦਿਨ ਪਿੰਡ ਦੇ ਜਵਾਕਾਂ ਸਣੇ ਅਸੀਂ ਵੀ ਇਹ ਹੋ-ਹੱਲਾ ਵੇਖਣ ਲਈ ਇਸੇ ਜਗ੍ਹਾ ਆਣ ਖਲੋਂਦੇ ਸੀ। ਬਾਪ ਡੇਢ ਕੁ ਮਰਲਾ ਕਣਕ ਖੜ੍ਹੀ ਖੜੋਤੀ ਛੱਡ ਕੇ ਆਪ ਪਿਛਾਂਹ ਹਟ ਕੇ ਖਲੋਅ ਜਾਂਦਾ ਤੇ ਨਿਆਣੇ ਇਸ਼ਾਰਾ ਸਮਝਦਿਆਂ ਹੀ ਟੁੱਟ ਕੇ ਪੈ ਜਾਂਦੇ। ਕੋਈ ਨੀਵੇਂ ਲੱਕ ਹੋਇਆ ਦਾਤਰੀ ਵਾਹੁੰਦਾ। ਕੋਈ ਦੋਵੇਂ ਹੱਥੀਂ ਸਿੱਟੇ ਮਰੋੜ-ਮਰੋੜ ਆਪਣੀ ਝੋਲੀ ਭਰੀ ਜਾਂਦਾ। ਹਰ ਕੋਈ ਇੱਕ-ਦੂਜੇ ਤੋਂ ਅੱਗੇ ਹੋ ਕੇ ਖੋਹਾ-ਖੋਹੀ ਵਿੱਚ ਜੁਟਿਆ ਹੁੰਦਾ ਤੇ ਚਾਰੇ ਪਾਸੇ ਪੂਰਾ ਚੀਹੋ-ਵਾਟ ਮਚਿਆ ਹੁੰਦਾ ਸੀ। ਬਾਪ ਦੇ ਚਿਹਰੇ 'ਤੇ ਖ਼ੁਸ਼ੀ ਝਲਕਾਂ ਮਾਰਦੀ। ਕਣਕਾਂ ਵਿਹੂਣੇ ਖਾਲੀ ਵੱਢ ਵੀ ਚਹਿਕਣ ਲੱਗਦੇ। ਦੂਰ ਤੀਕ ਖੁੱਲ੍ਹੇ ਵੱਢਾਂ ਵਿੱਚ ਡੰਗਰ ਵੱਛਾ ਚਰਦਾ, ਕੁੜੀਆਂ ਕਈ ਦਿਨ ਇਨ੍ਹਾਂ ਵੱਢਾਂ ਵਿੱਚੋਂ ਸਿੱਟੇ ਚੁਗਦੀਆਂ। ਆਂਡਿਆਂ 'ਤੇ ਆਏ ਕਈ ਪੰਛੀ ਇਨ੍ਹਾਂ ਹੀ ਵੱਢਾਂ ਵਿੱਚ ਆਂਡੇ ਦਿੰਦੇ। ਨਵੇਂ ਬੋਟ ਨਿਕਲਦੇ। ਤਿੱਤਰ, ਬਟੇਰੇ ਤੇ ਟਟੀਹਰੀ ਦੇ ਬੱਚਿਆਂ ਦੀ ਚੀਂ-ਚੀਂ ਇਨ੍ਹਾਂ ਖਾਲੀ ਵੱਢਾਂ ਨੂੰ ਕਿਥੇ ਉਦਾਸ ਹੋਣ ਦਿੰਦੀ ਸੀ।

ਅੱਜ ਮੇਰੇ ਵੇਂਹਦਿਆਂ-ਵੇਂਹਦਿਆਂ ਭਾਰੇ ਟਾਇਰਾਂ ਵਾਲੀ ਮਸ਼ੀਨ ਹੂੰਝਾ ਫੇਰ ਕੇ ਚਲਦੀ ਬਣੀ। ਪਿੰਡ ਤੋਂ ਕੋਈ ਵੀ ਵਾਢਾ ਤਾਰਿਆਂ ਦੀ ਲੋਏ ਇੱਧਰ ਨਹੀਂ ਸੀ ਵੜਿਆ, ਨਾ ਹੀ ਘਰ ਦੀ ਕੋਈ ਸੁਆਣੀ ਛਾਹ ਵੇਲਾ ਲੈ ਕੇ ਉਨ੍ਹਾਂ ਦੇ ਮਗਰ ਆਈ ਸੀ। ਨਾ ਕਿਸੇ ਵੱਢੀਆਂ, ਨਾ ਬੰਨ੍ਹੀਆਂ, ਨਾ ਗਾਹੀਆਂ, ਨਾ ਬੋਹਲ ਲੱਗੇ ਤੇ ਨਾ ਹੀ ਤਕੜੀ ਦੇ ਛਾਬੇ ਵਿੱਚ ਸੋਨੇ ਰੰਗੀ ਨੂੰ ਚਾੜ੍ਹ ਕੇ 'ਬਰਕਤ ਸੱਚੇ ਸਾਹਬ ਦੀ' ਕਹਿੰਦਿਆਂ ਕਿਸੇ ਨੇ ਹਿੱਸੇ ਵਾਲੇ, ਸੇਪੀ ਜਾਂ ਲਾਗੀ ਜਾਂ ਹੋਰ ਕਿਰਤੀ ਦੀ ਖਾਲੀ ਝੋਲੀ ਹੀ ਭਰੀ। ਮੈਂ ਦੂਰ-ਦੂਰ ਤੀਕ ਉਦਾਸ ਜਿਹਾ ਝਾਕਦਾ, ਕਿਉਂਕਿ ਮੈਨੂੰ ਪਤੈ ਕਿ ਅੱਜ ਨਹੀਂ ਤਾਂ ਕੱਲ੍ਹ ਜ਼ਰੂਰ ਕੋਈ ਨਾ ਕੋਈ ਇੱਧਰ ਹੱਥ ਵਿੱਚ ਮਾਚਿਸ ਲੈ ਕੇ ਆਏਗਾ। ਫਿਰ ਇਕੋ ਤੀਲੀ ਬਚੇ ਕੱਖ-ਕਾਨ ਨੂੰ ਪਲਾਂ ਛਿਣਾਂ ਵਿੱਚ ਭਾਂਬੜ ਮਚਾ ਦੇਵੇਗੀ, ਪਿੱਛੇ ਕਾਲਖ਼ਾਂ ਮਾਰੀ ਜ਼ਮੀਨ 'ਤੇ ਸੜਾਂਦ ਮਾਰਦੀ ਧੂੰਆਂ-ਰੋਲੀ ਰਹਿ ਜਾਏਗੀ। ਖਾਲੀ ਵੱਢਾਂ ਦੀ ਉਦਾਸੀ ਮੈਨੂੰ ਵੱਢ ਖਾਣ ਨੂੰ ਆਉਂਦੀ ਐ, ਦੂਰ ਤੁਰੀ ਜਾਂਦੀ ਮਸ਼ੀਨ ਦੀ ਮੱਠੀ-ਮੱਠੀ ਹੂਕਰ ਮੈਨੂੰ ਅੱਜ ਵੀ ਸੁਣਾਈ ਦਿੰਦੀ ਐ। ਮੈਨੂੰ ਲਗਦਾ ਇਨ੍ਹਾਂ ਵੱਢਾਂ ਅੰਦਰ ਲਗਦੀਆਂ ਸਭ ਰੌਣਕਾਂ ਇਨ੍ਹਾਂ ਮਸ਼ੀਨਾਂ ਨੇ ਆਪਣੇ ਵੱਡੇ ਢਿੱਡਾਂ ਅੰਦਰ ਸਮੇਟ ਲਈਆਂ ਹਨ। ਰੌਣਕਾਂ ਬੰਨ੍ਹਣ ਤੇ ਮਾਨਣ ਵਾਲੇ ਜੋ ਅਕਸਰ ਤਲਖ਼ ਮੌਸਮਾਂ ਤੇ ਵਕਤ ਦੀਆਂ ਸਰਕਾਰਾਂ ਦੀ ਬੇਰੁਖੀ ਦਾ ਸ਼ਿਕਾਰ ਹੁੰਦੇ ਹਨ, ਉਹ ਭਲੇ ਵੇਲਿਆਂ ਦੀ ਉਡੀਕ ਵਿੱਚ ਜੀਅ ਰਹੇ ਹਨ।

**- ਦੀਪ ਦੇਵਿੰਦਰ ਸਿੰਘ**
**ਮੋਬਾਇਲ : 98721-65707**

# ਡੇਅਰੀ ਖੇਤਰ ਪ੍ਰਤੀ ਸਾਕਾਰਤਮਕ ਸੋਚ ਬਹੁਤ ਜ਼ਰੂਰੀ

**ਵਿਕਸਿਤ ਭਾਰਤ 2047 ਦੇ ਮਨੋਰਥ ਲਈ**



**ਖੇਤੀ ਖੇਤਰ ਵਿੱਚ ਡੇਅਰੀ ਦਾ ਕਿੱਤਾ ਜਿੱਥੇ ਪੇਂਡੂ ਜਨ-ਜੀਵਨ ਲਈ ਆਮਦਨੀ ਅਤੇ ਸਵੈ-ਰੁਜ਼ਗਾਰ ਪ੍ਰਦਾਨ ਕਰਦਾ ਹੈ, ਉਥੇ ਦੂਸਰੇ ਪਾਸੇ ਖਪਤਕਾਰ ਵਰਗ ਲਈ ਪੋਸ਼ਣ ਯੁਕਤ ਖਾਧ ਸੁਰੱਖਿਆ ਮੁਹੱਈਆ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਦੁੱਧ ਦੇ ਉਤਪਾਦਨ ਅਤੇ ਖਪਤ ਦੋਹਾਂ ਵਰਗਾਂ ਵਿੱਚ ਅਹਿਮੀਅਤ ਨੂੰ ਸਮਝਦੇ ਹੋਏ ਪੂਰੇ ਸੰਸਾਰ ਭਰ ਵਿੱਚ 1 ਜੂਨ ਦਾ ਦਿਹਾੜਾ ਵਿਸ਼ਵ ਦੁੱਧ ਦਿਵਸ ਵਜੋਂ ਮਨਾਇਆ ਜਾਂਦਾ ਹੈ। ਭਾਰਤ ਵਿੱਚ ਡੇਅਰੀ ਦੇ ਧੰਦੇ ਦੀ ਅੰਤਰਰਾਸ਼ਟਰੀ, ਰਾਸ਼ਟਰੀ, ਕਿਸਾਨੀ ਅਤੇ ਖਪਤਕਾਰ ਪੱਧਰ 'ਤੇ ਬਹੁਤ ਅਹਿਮ ਭੂਮਿਕਾ ਹੈ।**

**ਡਾ. ਮਨਪ੍ਰੀਤ ਕੌਰ, ਸਹਾਇਕ ਪ੍ਰੋਫੈਸਰ,**
**ਅਰਥ ਸ਼ਾਸਤਰ, ਬਾਬਾ ਫਰੀਦ ਲਾਅ ਕਾਲਜ, ਫਰੀਦਕੋਟ**

### ਅੰਤਰਰਾਸ਼ਟਰੀ ਪੱਧਰ

ਅੰਤਰਰਾਸ਼ਟਰੀ ਪੱਧਰ 'ਤੇ ਦੁੱਧ ਉਤਪਾਦਨ ਖੇਤਰ ਵਿੱਚ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਸੰਨ 1997 ਤੋਂ ਲੈ ਕੇ ਹੁਣ ਤੱਕ ਭਾਰਤ ਵਿਸ਼ਵ ਭਰ ਵਿੱਚ ਸਭ ਤੋਂ ਵੱਡਾ ਦੁੱਧ ਉਤਪਾਦਕ ਦੇਸ਼ ਰਿਹਾ ਹੈ। ਭਾਰਤ ਦਾ ਇਹ ਮੋਹਰੀ ਸਥਾਨ ਸਫੈਦ ਕ੍ਰਾਂਤੀ ਦੇ ਪਿਤਾਮਾ ਡਾ. ਵਰਗੀਸ ਕੁਰੀਅਨ ਦੇ 1970 ਤੋਂ 1996 ਤੱਕ ਦੇ 26 ਸਾਲਾ ਓਪਰੇਸ਼ਨ ਫਲੱਡ ਪ੍ਰੋਗਰਾਮ ਦੇ ਸਫਲਤਾਪੂਰਵਕ ਯਤਨਾਂ ਸਦਕਾ ਹੀ ਸੰਭਵ ਹੋ ਸਕਿਆ। ਇਹ ਓਪਰੇਸ਼ਨ ਫਲੱਡ ਪ੍ਰੋਗਰਾਮ ਜੋਕਿ ਦੁਨੀਆਂ ਭਰ ਦਾ ਸਭ ਤੋਂ ਵੱਡਾ ਪੇਂਡੂ ਵਿਕਾਸ ਦਾ ਪ੍ਰੋਗਰਾਮ ਸੀ ਅਤੇ ਇਸ ਕਰਕੇ ਹੀ ਭਾਰਤ ਦੁੱਧ ਉਤਪਾਦਨ ਵਿੱਚ 1970 ਵਿੱਚ 50ਵੇਂ ਸਥਾਨ ਤੋਂ ਉਠ ਕੇ 1997 ਵਿੱਚ ਪਹਿਲੇ ਸਥਾਨ 'ਤੇ ਪਹੁੰਚ ਗਿਆ। ਵਰਤਮਾਨ ਵਿੱਚ ਵਿਸ਼ਵ ਦੇ ਕੁੱਲ ਦੁੱਧ ਉਤਪਾਦਨ (930 ਮਿਲੀਅਨ ਟਨ) ਵਿੱਚ ਇਕੱਲੇ ਭਾਰਤ ਦੇ ਦੁੱਧ ਉਤਪਾਦਨ (239.3 ਮਿਲੀਅਨ ਟਨ) ਦਾ ਤਕਰੀਬਨ 27 ਫੀਸਦੀ ਯੋਗਦਾਨ ਹੈ। ਵਿਸ਼ਵ ਭਰ ਦੀ 24 ਕਰੋੜ ਆਬਾਦੀ ਸਿੱਧੇ ਅਤੇ ਅਸਿੱਧੇ ਤੌਰ 'ਤੇ ਇਸ ਖੇਤਰ ਨਾਲ ਜੁੜੀ ਹੋਈ ਹੈ ਅਤੇ ਇਕੱਲੇ ਭਾਰਤ ਵਿੱਚ ਇਹ ਅੰਕੜਾ 8 ਕਰੋੜ ਦਾ ਹੋਣ ਕਾਰਨ ਸੰਸਾਰ ਦੀ ਇੱਕ-ਤਿਹਾਈ ਜਨਤਾ ਨੂੰ ਡੇਅਰੀ ਦੇ ਧੰਦੇ ਵਿੱਚ ਸਵੈ-ਰੁਜ਼ਗਾਰ ਪ੍ਰਦਾਨ ਕਰਨ ਦਾ ਸਿਹਰਾ ਭਾਰਤ ਦੇ ਸਿਰ ਜਾਂਦਾ ਹੈ। ਸੰਸਾਰ ਦੀ ਕੁੱਲ ਡੇਅਰੀ ਪਸ਼ੂਧਨ ਆਬਾਦੀ ਵਿੱਚ ਭਾਰਤ ਦਾ ਪਹਿਲਾ ਸਥਾਨ ਹੈ, ਕਿਉਂਕਿ ਭਾਰਤ ਵਿੱਚ ਸੰਸਾਰ ਭਰ ਦੀਆਂ 37 ਫੀਸਦੀ ਗਾਂਵਾਂ, 21 ਫੀਸਦੀ ਮੱਝਾਂ ਅਤੇ 26 ਫੀਸਦੀ ਬੱਕਰੀਆਂ ਦਾ ਪਾਲਣ ਕੀਤਾ ਜਾ ਰਿਹਾ ਹੈ। ਦੁੱਧ ਉਤਪਾਦਨ, ਸਵੈ-ਰੁਜ਼ਗਾਰ ਅਤੇ ਕੁੱਲ ਪਸ਼ੂਧਨ ਆਬਾਦੀ ਵਿੱਚ ਮੋਹਰੀ ਸਥਾਨ ਹੋਣ ਤੋਂ ਇਲਾਵਾ ਭਾਰਤ ਦਾ ਦੁੱਧ ਦੇ ਖਪਤਕਾਰ ਦੇਸ਼ ਵਜੋਂ ਵੀ ਪਹਿਲਾ ਸਥਾਨ ਹੈ। ਸੰਸਾਰ ਭਰ ਦੀ 80 ਫੀਸਦੀ ਆਬਾਦੀ ਆਪਣੀਆਂ ਰੋਜ਼ਾਨਾ ਲੋੜਾਂ ਦੀ ਪੂਰਤੀ ਲਈ ਦੁੱਧ ਅਤੇ ਦੁੱਧ ਤੋਂ ਤਿਆਰ ਪਦਾਰਥਾਂ 'ਤੇ ਨਿਰਭਰ ਕਰਦੀ ਹੈ ਅਤੇ ਪੂਰੇ ਵਿਸ਼ਵ ਪੱਧਰ ਤੇ ਔਸਤਨ ਪ੍ਰਤੀ ਵਿਅਕਤੀ ਦੁੱਧ ਦੀ ਖਪਤ 324 ਗ੍ਰਾਮ ਪ੍ਰਤੀ ਦਿਨ ਹੈ, ਜਦਕਿ ਭਾਰਤ ਵਿੱਚ ਪ੍ਰਤੀ ਦਿਨ ਪ੍ਰਤੀ ਵਿਅਕਤੀ ਦੁੱਧ ਦੀ ਖਪਤ 471 ਗ੍ਰਾਮ ਹੈ।



### ਰਾਸ਼ਟਰੀ ਪੱਧਰ

ਜੇਕਰ ਰਾਸ਼ਟਰ ਪੱਧਰ ਤੇ ਡੇਅਰੀ ਦੇ ਕਿੱਤੇ ਦਾ ਅਧਿਐਨ ਕੀਤਾ ਜਾਵੇ ਤਾਂ ਇਸ ਦਾ ਮਹੱਤਵ ਹੋਰ ਵੱਧ ਜਾਂਦਾ ਹੈ ਕਿਉਂਕਿ ਖੇਤੀਬਾੜੀ ਤੋਂ ਹੋਣ ਵਾਲੀ ਕੁੱਲ ਆਮਦਨ ਵਿੱਚ ਡੇਅਰੀ ਦਾ ਯੋਗਦਾਨ 25 ਫੀਸਦੀ ਹੈ ਅਤੇ ਕੁੱਲ ਰਾਸ਼ਟਰੀ ਆਮਦਨ ਵਿੱਚ ਇਹ ਕਿੱਤਾ 5 ਫੀਸਦੀ ਆਮਦਨ ਦਾ ਯੋਗਦਾਨ ਪਾ ਰਿਹਾ ਹੈ। ਖੇਤੀ ਖੇਤਰ ਵਿੱਚ ਫ਼ਸਲਾਂ ਸਮੇਤ ਉਪਜੀਆਂ ਜਾਂਦੀਆਂ ਸਾਰੀਆਂ ਵਸਤਾਂ ਵਿੱਚ ਦੁੱਧ ਸਭ ਤੋਂ ਵੱਡੀ ਵਸਤੂ ਹੈ, ਜਿਸ ਦਾ ਖੇਤੀ ਖੇਤਰ ਵਿੱਚ ਉਪਜ ਵਸਤਾਂ ਅਤੇ ਫ਼ਸਲਾਂ ਦੀ ਕੁੱਲ ਕੀਮਤ ਵਿੱਚ 5 ਫੀਸਦੀ ਯੋਗਦਾਨ ਹੈ। ਇਸ ਤੋਂ ਇਲਾਵਾ ਦੇਸ਼ ਦੀ ਅੱਧ ਤੋਂ ਵੱਧ ਆਬਾਦੀ ਇਸ ਪੇਸ਼ੇ 'ਤੇ ਨਿਰਭਰ ਹੈ।

### ਉਤਪਾਦਕ ਪੱਧਰ

ਕਿਸਾਨੀ ਪੱਧਰ 'ਤੇ ਡੇਅਰੀ ਉਤਪਾਦਨ ਦਾ ਧੰਦਾ ਮੁੱਖ ਰੂਪ ਵਿੱਚ ਭੂਮੀਹੀਣ ਮਜਦੂਰਾਂ, ਸੀਮਾਂਤ (1 ਹੈਕਐਅਰ ਤੋਂ ਘੱਟ ਜਮੀਨ) ਅਤੇ ਛੋਟੇ ਕਿਸਾਨਾਂ (1-2 ਹੈਕਟੇਅਰ ਜਮੀਨ) ਲਈ ਵਰਦਾਨ ਹੈ। ਦੇਸ਼ ਵਿੱਚ 85 ਫੀਸਦੀ ਕਿਸਾਨ ਸੀਮਾਂਤ ਅਤੇ ਛੋਟੇ ਕਿਸਾਨ ਹਨ ਜਿਨ੍ਹਾਂ ਕੋਲ ਖੇਤੀਯੋਗ ਜੋਤਾਂ ਦੀ 46 ਫੀਸਦੀ ਮਲਕੀਅਤ ਹੈ। ਇਸ ਤਰ੍ਹਾਂ ਜ਼ਮੀਨ ਦੀ ਵੰਡ ਵਿੱਚ 53 ਫੀਸਦੀ ਅਸਮਾਨਤਾਵਾਂ ਪਾਈਆਂ ਜਾਂਦੀਆਂ ਹਨ, ਪਰ ਪੇਂਡੂ ਖੇਤਰ ਵਿੱਚ ਇਹ ਕੁੱਲ ਅਸਮਾਨਤਾਵਾਂ ਨੂੰ ਪਸ਼ੂ ਪਾਲਣ ਦੇ ਕਿੱਤੇ ਨਾਲ ਕਾਬੂ ਵਿੱਚ ਕੀਤਾ ਜਾਂਦਾ ਹੈ, ਕਿਉਂਕਿ ਗਾਂਵਾਂ ਪਾਲਣ ਵਿੱਚ ਇਹ ਅਸਮਾਨਤਾਵਾਂ 13 ਫੀਸਦੀ ਅਤੇ ਮੱਝਾਂ ਦੇ ਖੇਤਰ ਵਿੱਚ ਇਹ ਅੰਕੜਾ 20 ਫੀਸਦੀ ਹੈ। ਔਰਤਾਂ ਲਈ ਇਹ ਕਿੱਤਾ ਹੋਰ ਵੀ ਜੀਵਨ ਰੇਖਾ ਸਾਬਿਤ ਹੁੰਦਾ ਹੈ ਕਿਉਂਕਿ ਇਸ ਕਿੱਤੇ ਵਿੱਚ 70 ਫੀਸਦੀ ਕਿਰਤ ਦੀ ਜ਼ਰੂਰਤ ਨੂੰ ਔਰਤਾਂ ਦੁਆਰਾ ਹੀ ਪੂਰਾ ਕੀਤਾ ਜਾਂਦਾ ਹੈ। ਇਸ ਖੇਤਰ ਵਿੱਚ ਔਰਤਾਂ ਦੀ ਭਾਗੀਦਾਰੀ ਬਾਕੀ ਸਭ ਕਿੱਤਿਆਂ ਦੇ ਮੁਕਾਬਲੇ ਜਿਆਦਾ ਹੈ। ਪੇਂਡੂ ਦੁੱਧ ਸਹਿਕਾਰੀ ਸਭਾਵਾਂ ਔਰਤਾਂ ਦੇ ਯੋਗਦਾਨ ਨੂੰ ਵਧਾਉਣ ਲਈ ਬਹੁਤ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ। ਇਸ ਤਰ੍ਹਾਂ ਔਰਤਾਂ ਲਈ ਇਹ ਕਿੱਤਾ ਆਮਦਨੀ ਅਤੇ ਰੁਜ਼ਗਾਰ ਮੁਹੱਈਆ ਕਰਨ ਕਰਕੇ ਆਤਮ-ਸਨਮਾਨ ਦੇਣ ਵਿੱਚ ਵੀ ਸਹਾਈ ਹੁੰਦਾ ਹੈ। ਇਸ ਤਰ੍ਹਾਂ ਡੇਅਰੀ ਉਤਪਾਦਨ ਸੀਮਾਂਤ ਅਤੇ ਛੋਟੇ ਕਿਸਾਨਾਂ, ਭੂਮੀਹੀਣ ਮਜਦੂਰਾਂ ਅਤੇ ਔਰਤਾਂ ਲਈ ਇੱਕ ਵਧੀਆ ਕਮਾਈ ਦਾ ਸਾਧਨ ਹੈ। ਰਾਸ਼ਟਰੀ ਸੈਂਪਲ ਸਰਵੇ ਆਰਗੇਨਾਈਜੇਸ਼ਨ ਦੇ 70ਵੇਂ ਸਰਵੇਖਣ ਅਨੁਸਾਰ ਪਸ਼ੂ ਪਾਲਣ ਦੇ ਵੱਖ-ਵੱਖ ਧੰਦਿਆਂ ਤੋਂ ਹੋਣ ਵਾਲੀ ਆਮਦਨ ਵਿੱਚ ਡੇਅਰੀ ਉਤਪਾਦਨ ਤੋਂ ਹੋਣ ਵਾਲੀ ਆਮਦਨ ਦਾ ਯੋਗਦਾਨ 68.5 ਫੀਸਦੀ ਹੈ। ਦੂਸਰੇ ਪਾਸੇ 20ਵੀਂ ਪਸ਼ੂਧਨ ਜਨਗਣਨਾ 2019 ਦੇ ਅਨੁਸਾਰ ਕੁੱਲ ਪਸ਼ੂਆਂ ਦੀ ਆਬਾਦੀ ਦਾ 85 ਫੀਸਦੀ ਹਿੱਸਾ ਡੇਅਰੀ ਪਸ਼ੂਧਨ ਅਰਥਾਤ ਗਾਂਵਾਂ, ਮੱਝਾਂ ਅਤੇ ਬੱਕਰੀਆਂ ਦਾ ਹੈ।

### ਖਪਤਕਾਰ ਪੱਧਰ

ਉਤਪਾਦਕ ਦੁੱਧ ਉਤਪਾਦਨ ਤੋਂ ਬਾਅਦ ਜੇਕਰ ਖਪਤ ਦੀ ਗੱਲ ਕਰੀਏ ਤਾਂ ਦੁਨੀਆਂ ਦਾ ਸਭ ਤੋਂ ਵੱਡਾ ਖਪਤਕਾਰ ਦੇਸ਼ ਹੋਣ ਦੇ ਕਾਰਨ ਭਾਰਤੀ ਆਬਾਦੀ ਆਪਣੀ ਆਮਦਨ ਦਾ ਇੱਕ ਮਹੱਤਵਪੂਰਨ



ਹਿੱਸਾ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ 'ਤੇ ਖਰਚ ਕਰਦੀ ਹੈ। ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਵਿਚਲੀ ਪੋਸ਼ਣ ਮਾਤਰਾ ਤੋਂ ਜਾਗਰੂਕ ਹੋਣ ਦੇ ਕਾਰਨ ਭਾਰਤੀ ਆਬਾਦੀ ਵਿੱਚ ਇਹਨਾਂ ਦੀ ਮੰਗ ਦਿਨੋਂ ਦਿਨ ਵੱਧ ਰਹੀ ਹੈ। ਰਾਸ਼ਟਰੀ ਸੈਂਪਲ ਸਰਵੇ ਆਰਗੇਨਾਈਜੇਸ਼ਨ ਦੀ ਰਿਪੋਰਟ ਅਨੁਸਾਰ ਭਾਰਤੀ ਜਨਤਾ ਆਪਣੀ ਰੋਜ਼ਾਨਾ ਕੁੱਲ ਆਮਦਨ ਦਾ 40 ਫੀਸਦੀ ਹਿੱਸਾ ਖੁਰਾਕੀ ਪਦਾਰਥਾਂ 'ਤੇ ਖਰਚ ਕਰਦੀ ਹੈ ਅਤੇ ਖਾਦ ਪਦਾਰਥਾਂ ਦੇ ਇਸ ਬਜਟ ਵਿੱਚੋਂ 70-75 ਫੀਸਦੀ ਹਿੱਸਾ ਸਿਰਫ ਦੁੱਧ ਅਤੇ ਦੁੱਧ ਤੋਂ ਤਿਆਰ ਪਦਾਰਥਾਂ 'ਤੇ ਖਰਚ ਕੀਤਾ ਜਾਂਦਾ ਹੈ।

### ਸਮੱਸਿਆਵਾਂ

ਭਾਵੇਂ ਦੁੱਧ ਅਤੇ ਇਸ ਤੋਂ ਤਿਆਰ ਪਦਾਰਥ ਉਤਪਾਦਨ ਅਤੇ ਖਪਤਕਾਰ ਦੋਵਾਂ ਵਰਗਾਂ ਲਈ ਹਰਮਨ ਪਿਆਰੇ ਹਨ, ਪਰ ਦੋਵੇਂ ਵਰਗਾਂ ਨੂੰ ਇਸ ਕਿੱਤੇ ਨਾਲ ਸਬੰਧਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਵਿੱਚ ਗੰਭੀਰ ਸਮੱਸਿਆ ਨਕਲੀ ਦੁੱਧ ਦੇ ਉਤਾਦਨ ਦੀ ਹੈ। ਕੁਝ ਸਮਾਂ ਪਹਿਲਾਂ ਹੀ ਰਾਜਸਥਾਨ ਦੇ 97 ਫੀਸਦੀ ਦੁੱਧ ਦੇ ਸੈਂਪਲਾਂ ਵਿੱਚ ਮਿਲਾਵਟ ਪਾਈ ਗਈ। ਸਿੰਥੈਟਿਕ ਦੁੱਧ ਦਾ ਇਹ ਉਤਪਾਦਨ ਜੋ ਕਿ ਖਖਪਤਕਾਰਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਹੈ ਅਤੇ ਖਤਰਨਾਕ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ, ਉੱਥੇ ਹੀ ਨਕਲੀ ਦੁੱਧ ਦਾ ਇਹ ਉਤਪਾਦਨ ਅਸਲੀ ਦੁੱਧ ਦੀ ਮੰਗ ਘੱਟ ਕਰਕੇ ਕੀਮਤਾਂ ਵਿੱਚ ਗਿਰਾਵਟ ਆਉਣ ਦਾ ਇੱਕ ਵੱਡਾ ਕਾਰਨ ਹੈ। ਇਸ ਨਾਲ ਉਤਪਾਦਕ ਵਰਗ ਵਿੱਚ ਡੇਅਰੀ ਦਾ ਧੰਦਾ ਮੁਨਾਫੇ ਦੀ ਥਾਂ 'ਤੇ ਘਾਟੇ ਦਾ ਧੰਦਾ ਬਣ ਰਿਹਾ ਹੈ। ਦੇਸ਼ ਵਿੱਚ ਤਕਰੀਬਨ 70 ਫੀਸਦੀ ਦੁੱਧ ਨੂੰ ਅਸੰਗਠਿਤ ਕੜੀ ਜਿਸ ਵਿੱਚ ਮੁੱਖ ਰੂਪ ਵਿੱਚ ਦੋਧੀ, ਹਲਵਾਈ, ਪ੍ਰਾਈਵੇਟ ਅਨਰਜਿਸਟਰਡ ਡੇਅਰੀਆਂ ਆਦਿ ਸ਼ਾਮਿਲ ਹਨ, ਦੇ ਦੁਆਰਾ ਵੇਚਿਆ ਜਾਂਦਾ ਹੈ। ਇਸ ਤੋਂ ਇਲਾਵਾ ਉਤਪਾਦਕਾਂ ਅਤੇ ਖਪਤਕਾਰਾਂ ਦੇ ਵਿਚਕਾਰ ਮੰਡੀਕਰਨ ਵਿੱਚ ਦੋਧੀ, ਪ੍ਰਾਈਵੇਟ ਗੈਰ-ਰਜਿਸਟਰਡ ਡੇਅਰੀਆਂ ਆਦਿ ਵਿਚੋਲਿਆਂ ਦੀ ਗਿਣਤੀ ਵਧਣ ਨਾਲ ਜਿੱਥੇ ਇੱਕ ਪਾਸੇ ਪਿੰਡਾਂ ਵਿੱਚ ਦੁੱਧ ਉਤਪਾਦਕਾਂ ਤੋਂ ਸਸਤੇ ਭਾਅ 'ਤੇ ਦੁੱਧ ਖਰੀਦ ਕੇ ਉਤਪਾਦਕਾਂ ਦੀ ਲੁੱਟ ਕੀਤੀ ਜਾ ਰਹੀ ਹੈ, ਉਥੇ ਹੀ ਦੂਸਰੇ ਪਾਸੇ ਇਨ੍ਹਾਂ ਵਿਚੋਲਿਆਂ ਦੁਆਰਾ ਸ਼ਹਿਰਾਂ ਵਿੱਚ ਮਹਿੰਗੇ ਭਾਅ 'ਤੇ ਖਰੀਦਦਾਰਾਂ ਨੂੰ ਦੁੱਧ ਵੇਚ ਕੇ ਬਿਨ੍ਹਾਂ ਕੁਝ ਕੀਤੇ ਮੁਨਾਫਾ ਕੱਢ ਕੇ ਉਤਪਾਦਕਾਂ ਅਤੇ ਖਪਤਕਾਰਾਂ ਦਾ ਸ਼ੋਸ਼ਣ ਕਰਦੇ ਹਨ। ਇਸ ਤੋਂ ਇਲਾਵਾ ਪਸ਼ੂਆਂ ਲਈ ਵਰਤੇ ਜਾਂਦੇ ਚਾਰੇ, ਖਲ, ਫੀਡ ਆਦਿ ਦੀਆਂ ਕੀਮਤਾਂ ਵਿੱਚ ਹੋਣ ਵਾਲਾ ਵਾਧਾ ਵੀ ਕਿਸਾਨਾਂ ਲਈ ਇੱਕ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

ਡੇਅਰੀ ਖੇਤਰ ਵਿੱਚ ਆ ਰਹੀਆਂ ਮੁਸ਼ਕਿਲਾਂ 'ਤੇ ਕਾਬੂ ਪਾਉਣ ਲਈ ਸਭ ਤੋਂ ਪਹਿਲਾਂ ਦੁੱਧ ਦਾ ਘੱਟੋ-ਘੱਟ ਨਿਊਨਤਮ ਮੁੱਲ ਨਿਰਧਾਰਿਤ ਕਰਨਾ ਚਾਹੀਦਾ ਹੈ, ਜਿਸ ਦੇ ਤਹਿਤ ਕੋਈ ਵੀ ਖਰੀਦਦਾਰ ਇਸ ਮੁੱਲ ਤੋਂ ਘੱਟ ਮੁੱਲ 'ਤੇ ਦੁੱਧ ਨਾ ਖਰੀਦ ਸਕੇ। ਦੁੱਧ ਉਤਪਾਦਨ 'ਤੇ ਆਉਣ ਵਾਲੀਆਂ ਲਾਗਤਾਂ ਨੂੰ ਘੱਟ ਕਰਨ ਲਈ ਸਬਸਿਡੀ ਯੁਕਤ ਚਾਰਾ, ਫੀਡ ਖਲ ਅਤੇ ਸਿਹਤ ਸੇਵਾਵਾਂ ਦੀ ਵੀ ਪਹਿਲ ਦੇ ਆਧਾਰ 'ਤੇ ਜ਼ਰੂਰਤ ਹੈ। ਭਾਵੇਂ ਸਰਕਾਰ ਨੇ ਡੇਅਰੀ ਦੇ ਧੰਦੇ ਨੂੰ ਹੋਰ ਉਤਸ਼ਾਹਿਤ ਕਰਨ ਲਈ ਰਾਸ਼ਟਰੀ ਗੋਲਕ ਮਿਸ਼ਨ, ਰਾਸ਼ਟਰੀ ਪਸ਼ੂਧਨ ਮਿਸ਼ਨ, ਐਨੀਮਲ ਹਸਬੈਂਡਰੀ ਇਨਫਰਾਸਟਰਕਚਰ ਡਿਵੈਲਪਮੈਂਟ ਫੰਡ, ਲਾਇਵਸਟੋਕ ਹੈਲਥ ਅਤੇ ਕੰਟਰੋਲ ਪ੍ਰੋਗਰਾਮ ਆਦਿ ਵਰਗੇ ਪ੍ਰੋਗਰਾਮ ਵੀ ਚਲਾ ਰਹੀ ਹੈ। ਪਰ ਫਿਰ ਵੀ ਇਸ ਖੇਤਰ ਵੱਲ ਹੋਰ ਵੀ ਖਾਸ ਧਿਆਨ ਦੇਣ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ ਖਪਤਕਾਰ ਜਗਤ ਦੇ ਹਿੱਤਾਂ ਦੀ ਰਾਖੀ ਲਈ ਸਿੰਥੈਟਿਕ ਦੁੱਧ ਦੇ ਉਤਪਾਦਨ 'ਤੇ ਕਾਬੂ ਪਾਉਣ ਲਈ ਖੁਰਾਕ ਸੁਰੱਖਿਆ ਅਤੇ ਮਿਆਰ ਅਥਾਰਿਟੀ ਆਫ ਇੰਡੀਆ ਨੂੰ ਮਿਲਾਵਟਖੋਰਾਂ ਵੱਲ ਸਖਤ ਧਿਆਨ ਦੇਣ ਦੀ ਲੋੜ ਹੈ। ਅੰਤ ਵਿੱਚ ਵਿਕਸਿਤ ਭਾਰਤ 2047 ਦੇ ਮਨੋਰਥ ਨੂੰ ਪੂਰਾ ਕਰਨ ਲਈ ਡੇਅਰੀ ਦੀ ਆਰਥਿਕ ਵਿਕਾਸ ਵਿੱਚ ਅਹਿਮੀਅਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ, ਕਿਉਂਕਿ ਦੇਸ਼ ਦੀ ਅੱਧ ਤੋਂ ਵੱਧ ਸੀਮਾਂਤ ਅਤੇ ਛੋਟੇ ਕਿਸਾਨਾਂ, ਭੂਮੀਹੀਣ ਮਜ਼ਦੂਰਾਂ ਅਤੇ ਔਰਤਾਂ ਦੀ ਆਬਾਦੀ ਇਸ ਪੇਸ਼ੇ 'ਤੇ ਨਿਰਭਰ ਹੈ।

# ਕੀ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਨਾਲ ਖੇਤੀ ਸੰਕਟ ਹੱਲ ਹੋ ਸਕੇਗਾ ?

ਗੁਰਪ੍ਰਤਾਪ ਸਿੰਘ ਮਾਨ
ਮੋ. 99883-79394



ਫ਼ਰਵਰੀ 2026 ਵਿੱਚ ਸੰਸਦ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਤੋਂ ਭਾਰਤ ਦੀ ਖੇਤੀਬਾੜੀ ਅਰਥਵਿਵਸਥਾ ਦਾ ਦੁਖਦਾਈ ਸੱਚ ਉਜਾਗਰ ਹੋਇਆ ਹੈ। ਜਿਸ ਅਨੁਸਾਰ ਪੰਜਾਬ ਦੇ ਇਕ ਖੇਤੀਬਾੜੀ ਵਾਲੇ ਪਰਿਵਾਰ ਸਿਰ ਔਸਤ ਕਰਜ਼ਾ 2.03 ਲੱਖ ਤੇ ਹਰਿਆਣਾ ਵਿੱਚ 1.83 ਲੱਖ ਹੈ, ਜਦਕਿ ਦੇਸ਼ ਭਰ ਵਿੱਚ 74,000 ਰੁਪਏ ਹੈ। ਪੰਜਾਬ ਦੇ ਲਗਭਗ 89 ਫ਼ੀਸਦੀ ਖੇਤੀਬਾੜੀ ਪਰਿਵਾਰ ਕਰਜ਼ਈ ਹਨ। ਇਸ ਕਰਜ਼ ਸੰਕਟ ਦਾ ਸਾਹਮਣਾ ਪਿਛਲੇ 5 ਦਹਾਕਿਆਂ ਤੋਂ ਭਾਰਤ ਦੀ ਖਾਧ ਸੁਰੱਖਿਆ ਦਾ ਵੱਡਾ ਭਾਰ ਚੁੱਕਣ ਵਾਲੇ ਸੂਬੇ ਕਰ ਰਹੇ ਹਨ। ਭਾਵੇਂ ਪੰਜਾਬ ਤੇ ਹਰਿਆਣਾ ਵਿੱਚ ਕਣਕ ਤੇ ਝੋਨੇ ਦੀ ਪੂਰੀ ਫ਼ਸਲ ਐਮ. ਐੱਸ. ਪੀ. 'ਤੇ ਖਰੀਦੀ ਜਾਂਦੀ ਹੈ। ਇਹ ਅਨਾਜ ਪਬਲਿਕ ਡਿਸਟ੍ਰਿਬਿਊਸ਼ਨ ਸਿਸਟਮ ਨੂੰ ਚਲਾਉਂਦਾ ਹੈ ਅਤੇ ਫੂਡ ਕਾਰਪੋਰੇਸ਼ਨ ਆਫ਼ ਇੰਡੀਆ (ਐਫ. ਸੀ. ਆਈ.) ਦੇ ਗੋਦਾਮ ਭਰਦਾ ਹੈ, ਫਿਰ ਵੀ ਕਿਸਾਨ ਕਰਜ਼ੇ ਵਿੱਚ ਡੁੱਬਦਾ ਜਾ ਰਿਹਾ ਹੈ।



ਇਹ ਸਿਰਫ਼ ਮਾਰਕੀਟ ਦੀ ਨਾਕਾਮੀ ਨਹੀਂ, ਸਗੋਂ ਇਕ ਐਸੀ ਨੀਤੀਗਤ ਵਿਵਸਥਾ ਦਾ ਨਤੀਜਾ ਹੈ ਜੋ ਖੇਤੀਬਾੜੀ ਦੀਆਂ ਕੀਮਤਾਂ ਨੂੰ ਦਬਾ ਕੇ ਰੱਖਦੀ ਹੈ। ਇਸ ਸਿਸਟਮ ਵਿੱਚ 3 ਮੁੱਖ ਸੰਸਥਾਵਾਂ- ਖੇਤੀਬਾੜੀ ਲਾਗਤਾਂ ਤੇ ਕੀਮਤਾਂ ਕਮਿਸ਼ਨ (ਸੀ. ਏ. ਸੀ. ਪੀ.), ਰਾਸ਼ਟਰੀ ਖਾਦ ਸਮੱਸਿਆ ਕਾਨੂੰਨ (ਐਨ. ਐਫ. ਐਸ. ਏ.) 2013 ਤੇ ਜ਼ਰੂਰੀ ਵਸਤੂਆਂ ਕਾਨੂੰਨ (ਈ. ਸੀ. ਏ.) 1955 ਹਨ। ਇਹ ਤਿੰਨੋ ਸੰਸਥਾਵਾਂ ਮਿਲ ਕੇ ਇਕ ਐਸੀ ਪ੍ਰਣਾਲੀ ਬਣਾਉਂਦੀਆਂ ਹਨ ਜਿਸ ਵਿੱਚ ਖਪਤਕਾਰਾਂ ਲਈ ਅਨਾਜ ਸਸਤਾ ਰੱਖਿਆ ਜਾਂਦਾ ਹੈ ਪਰ ਕਿਸਾਨੀ ਆਮਦਨ ਨੂੰ ਦਬਾਇਆ ਜਾਂਦਾ ਹੈ।

ਭਾਰਤ ਇਕ ਖੇਤੀਬਾੜੀ ਆਧਾਰਿਤ ਸਮਾਜ ਹੈ, ਜਿੱਥੇ 65 ਕਰੋੜ ਲੋਕ ਖੇਤੀਬਾੜੀ 'ਤੇ ਨਿਰਭਰ ਹਨ। ਜੇਕਰ ਟਰਾਂਸਪੋਰਟ, ਫੂਡ ਪ੍ਰੋਸੈਸਿੰਗ, ਪਿੰਡਾਂ ਦੇ ਵਪਾਰ ਤੇ ਖੇਤੀ ਸੇਵਾਵਾਂ ਨੂੰ ਵੀ ਇਸ ਵਿੱਚ ਜੋੜ ਲਿਆ ਜਾਵੇ ਤਾਂ 80 ਕਰੋੜ ਤੋਂ ਵੱਧ ਲੋਕਾਂ ਦੀ ਰੋਜ਼ੀ-ਰੋਟੀ ਖੇਤੀ ਨਾਲ ਜੁੜੀ ਹੋਈ ਹੈ। ਪਰ ਖੇਤੀਬਾੜੀ ਦਾ ਯੋਗਦਾਨ ਦੇਸ਼ ਦੇ ਕੁਲ ਘਰੇਲੂ ਉਤਪਾਦ (ਜੀ. ਡੀ. ਪੀ.) ਵਿੱਚ ਸਿਰਫ਼ 15-16 ਫ਼ੀਸਦੀ ਹੈ। ਆਜ਼ਾਦੀ ਤੋਂ ਲਗਭਗ 8 ਦਹਾਕੇ ਬਾਅਦ ਵੀ ਭਾਰਤ ਦੀ ਕੋਈ ਪੱਕੀ ਵਿਸਤ੍ਰਿਤ ਰਾਸ਼ਟਰੀ ਖੇਤੀ ਨੀਤੀ ਨਹੀਂ ਹੈ। ਖੇਤੀ ਨਾਲ ਸੰਬੰਧਿਤ ਸਭ ਨੀਤੀਆਂ ਵੱਖ-ਵੱਖ ਕਾਨੂੰਨਾਂ ਤੇ ਸੰਸਥਾਵਾਂ ਰਾਹੀਂ ਬਣਦੀਆਂ ਹਨ, ਜਿਨ੍ਹਾਂ ਦਾ ਮੁੱਖ ਉਦੇਸ਼ ਖਾਣੇ ਨੂੰ ਸਸਤਾ ਤੇ ਮਹਿੰਗਾਈ ਨੂੰ ਕਾਬੂ ਵਿੱਚ ਰੱਖਣਾ ਰਿਹਾ ਹੈ, ਪਰ ਕਿਸਾਨੀ ਆਮਦਨ ਨੂੰ ਸੁਰੱਖਿਅਤ ਕਰਨ ਦਾ ਨਹੀਂ। ਸੀ. ਏ. ਸੀ. ਪੀ. ਦੀ ਸਥਾਪਨਾ 1965 ਵਿੱਚ ਹੋਈ ਸੀ, ਇਸ ਦਾ ਪਹਿਲਾ ਨਾਂਅ 'ਖੇਤੀਬਾੜੀ ਕੀਮਤ ਕਮਿਸ਼ਨ (ਏ. ਪੀ. ਸੀ.)' ਸੀ। ਇਸ ਦੇ ਨਿਰਦੇਸ਼ਨ ਦੇ ਨਿਯਮ 1980 ਤੇ ਫਿਰ 2009 ਵਿੱਚ ਸੋਧੇ ਗਏ। ਪਰ 2009 ਤੋਂ ਬਾਅਦ ਐਮ. ਐੱਸ. ਪੀ. ਨਿਰਧਾਰਨ ਦੀਆਂ ਸ਼ਰਤਾਂ ਵਿੱਚ ਕੋਈ ਵੱਡੀ ਤਬਦੀਲੀ ਨਹੀਂ ਹੋਈ, ਭਾਵੇਂ ਅੱਜ ਹਾਲਾਤ ਇੰਨੇ ਬਦਲ ਚੁੱਕੇ ਹਨ ਪਰ ਨੀਤੀ ਅਜੇ ਵੀ ਪੁਰਾਣੀ ਸੋਚ ਅਨੁਸਾਰ ਹੀ ਚੱਲ ਰਹੀ ਹੈ।

ਖੇਤੀਬਾੜੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ. ਐੱਸ. ਪੀ.) ਦੀ ਸਿਫ਼ਾਰਸ਼ ਕਰਦੇ ਸਮੇਂ ਕਿਹਾ ਗਿਆ ਹੈ ਕਿ ਕੀਮਤਾਂ ਦਾ ਸੰਤੁਲਿਤ ਢਾਂਚਾ ਬਣਾਉਣ ਸਮੇਂ ਉਤਪਾਦਕ ਤੋਂ ਖਪਤਕਾਰ ਦੋਹਾਂ ਦੇ ਹਿਤਾਂ ਦਾ ਧਿਆਨ ਰੱਖਿਆ ਜਾਵੇ। ਮਤਲਬ ਐਮ. ਐੱਸ. ਪੀ. ਸਿਰਫ਼ ਕਿਸਾਨੀ ਲਾਗਤਾਂ ਦੇ ਆਧਾਰ 'ਤੇ ਨਹੀਂ ਬਣਦੀ, ਸਗੋਂ ਮਹਿੰਗਾਈ, ਮਜ਼ਦੂਰੀ ਦੀ ਦਰ, ਉਦਯੋਗਿਕ ਲਾਗਤ, ਮੰਗ ਤੇ ਸਪਲਾਈ ਅਤੇ ਆਰਥਿਕ ਸਥਿਰਤਾ ਵਰਗੀਆਂ ਕਈ ਗੱਲਾਂ ਨੂੰ ਵੀ ਧਿਆਨ ਵਿੱਚ ਰਖਿਆ ਜਾਂਦਾ ਹੈ। ਐਮ.ਐੱਸ.ਪੀ. ਇਸ ਤਰ੍ਹਾਂ ਤੈਅ ਕੀਤੀ ਗਈ ਹੈ ਕਿ ਖਾਣੇ ਦੀ ਕੀਮਤ ਆਮ ਆਰਥਿਕਤਾ ਨੂੰ ਨਾ ਹਿਲਾਏ। ਸਰਕਾਰੀ ਗਣਨਾ ਅਨੁਸਾਰ ਐਮ. ਐੱਸ. ਪੀ. ਏ2-ਐਫ.ਐਲ. ਲਾਗਤ ਦਾ ਡੇਢ ਗੁਣਾ ਹੁੰਦੀ ਹੈ ਅਤੇ ਏ2-ਐਫ. ਐਲ. ਵਿੱਚ ਨਕਦੀ ਖ਼ਰਚਾ ਤੇ ਪਰਿਵਾਰ ਦੀ ਮਿਹਨਤ ਸ਼ਾਮਿਲ ਹੁੰਦੀ ਹੈ। ਦਰਅਸਲ ਸੀ.2 ਲਾਗਤ ਵਿੱਚ ਜ਼ਮੀਨ ਦਾ ਕਿਰਾਇਆ ਤੇ ਪੂੰਜੀ 'ਤੇ ਵਿਆਜ ਵੀ ਸ਼ਾਮਿਲ ਹੁੰਦਾ ਹੈ, ਜੋ ਐਮ.ਐੱਸ.ਪੀ. ਦਾ ਮੁੱਖ ਆਧਾਰ ਨਹੀਂ ਅਤੇ ਇਸੇ ਕਾਰਨ ਅਸਲ ਲਾਗਤ ਘੱਟ ਦਿਖਾਈ ਜਾਂਦੀ ਹੈ। ਓ.ਈ.ਸੀ.ਡੀ. ਦੀਆਂ ਰਿਪੋਰਟਾਂ ਮੁਤਾਬਕ ਭਾਰਤ ਦੀ ਖੇਤੀ ਨੀਤੀ ਕਾਰਨ ਕਿਸਾਨਾਂ ਨੂੰ ਮਨਫੀ 14 ਤੋਂ 15 ਫ਼ੀਸਦੀ ਉਤਪਾਦਨ ਲਾਗਤ ਮਿਲਦੀ ਹੈ, ਮਤਲਬ ਕਿਸਾਨਾਂ 'ਤੇ ਭਾਰੀ ਲੁਕਵਾਂ ਟੈਕਸ ਲੱਗਦਾ ਹੈ।

ਕਿਸਾਨ ਆਗੂ ਸਰਦ ਜੋਸ਼ੀ ਅਨੁਸਾਰ ਪਿੰਡਾਂ ਦਾ ਭਾਰਤ ਸ਼ਹਿਰੀ ਭਾਰਤ ਨੂੰ ਸਬਸਿਡੀ ਦੇ ਰਿਹਾ ਹੈ। ਜਦਕਿ ਖੇਤੀ ਅਰਥਸ਼ਾਸਤਰੀ ਡਾ. ਐਸ.ਐਸ. ਜੋਹਲ ਦਾ ਕਹਿਣਾ ਹੈ ਕਿ ਐਮ.ਐੱਸ.ਪੀ. ਪ੍ਰਣਾਲੀ ਨੇ ਪੰਜਾਬ ਨੂੰ ਕਣਕ-ਝੋਨੇ ਦੇ ਇਕ ਸੌੜੇ ਚੱਕਰ ਵਿੱਚ ਫਸਾ ਦਿੱਤਾ ਹੈ, ਜੋ ਪਾਣੀ ਤੇ ਆਰਥਿਕਤਾ ਦੋਹਾਂ ਲਈ ਖ਼ਤਰਨਾਕ ਹੈ। ਜੇਕਰ ਸੀ.ਏ.ਸੀ.ਪੀ., ਐਮ.ਐੱਸ.ਪੀ. ਨੂੰ ਹੇਠਾਂ ਵੱਲ ਦਬਾਉਂਦੀ ਹੈ ਤਾਂ ਰਾਸ਼ਟਰੀ ਖੁਰਾਕ ਸਰੁੱਖਿਆ ਕਾਨੂੰਨ (ਐਨ. ਐਫ. ਐੱਸ. ਏ.) 2013 ਉਸ ਨੂੰ ਉਪਰ ਵੱਲ ਵਧਣ ਤੋਂ ਰੋਕਦਾ ਹੈ। ਇਸੇ ਕਾਨੂੰਨ ਅਧੀਨ ਦੇਸ਼ ਦੀ 67 ਫ਼ੀਸਦੀ ਭਾਰਤੀ ਆਬਾਦੀ ਨੂੰ ਸਬਸਿਡੀ ਵਾਲਾ ਅਨਾਜ ਮਿਲਦਾ ਹੈ। ਇਸ ਪ੍ਰਣਾਲੀ ਨੂੰ ਚਲਾਉਣ ਲਈ ਸਰਕਾਰ ਨੂੰ ਹਰ ਸਾਲ ਲਗਭਗ 6-7 ਕਰੋੜ ਟਨ ਅਨਾਜ ਖਰੀਦਣਾ ਪੈਂਦਾ ਹੈ ਅਤੇ ਇਹ ਅਨਾਜ ਜ਼ਿਆਦਾਤਰ ਪੰਜਾਬ ਤੇ ਹਰਿਆਣਾ ਤੋਂ ਹੀ ਆਉਂਦਾ ਹੈ। ਅਨਾਜ ਦੀ ਅਸਲ ਲਾਗਤ ਵਿਚ- ਐਮ. ਐੱਸ. ਪੀ., ਸਟੋਰੇਜ ਤੇ ਟਰਾਂਸਪੋਰਟ ਖਰਚ ਸ਼ਾਮਿਲ ਹੋਣ ਬਾਅਦ ਇਹ 2,200 ਤੋਂ 2,500 ਰੁਪਏ ਪ੍ਰਤੀ ਕੁਇੰਟਲ ਤੱਕ ਪਹੁੰਚ ਚੁੱਕੀ ਹੁੰਦੀ ਹੈ। ਜਦਕਿ ਕੁਝ ਸਬਸਿਡੀ ਤਹਿਤ ਇਹ ਅਨਾਜ ਬਹੁਤ ਘੱਟ ਕੀਮਤ 'ਤੇ ਵੰਡਿਆ ਜਾਂਦਾ ਹੈ, ਜਦਕਿ ਕੁੱਲ ਲਾਗਤ 2 ਲੱਖ ਕਰੋੜ ਰੁਪਏ ਤੋਂ ਵੀ ਟੱਪ ਚੁੱਕੀ ਹੈ। ਸਰਕਾਰ ਐਮ. ਐੱਸ. ਪੀ. ਜ਼ਿਆਦਾ ਨਹੀਂ ਵਧਾਉਂਦੀ, ਕਿਉਂਕਿ ਐਨ. ਐਫ. ਐਸ. ਏ. ਅਜਿਹੇ ਤੇ ਟੇਢੇ ਢੰਗ ਨਾਲ ਇਕ ਅੰਤਿਮ ਸੀਮਾ ਲਾ ਦਿੰਦਾ ਹੈ ਤੇ ਖੁਰਾਕ ਸਬਸਿਡੀ ਬਿੱਲ ਨੂੰ ਘਟਾਉਣ ਲਈ ਐਮ. ਐੱਸ. ਪੀ. ਨੂੰ ਵਰਤਿਆ ਜਾਂਦਾ ਹੈ।

ਇਸ ਪ੍ਰਣਾਲੀ ਦਾ ਤੀਜਾ ਹਿੱਸਾ ਜ਼ਰੂਰੀ ਵਸਤੂਆਂ ਕਾਨੂੰਨ (ਈ.ਸੀ.ਏ.) 1955 ਹੈ, ਜੋ ਸਰਕਾਰ ਨੂੰ ਸਟਾਕ ਸੀਮਾਵਾਂ ਲਗਾਉਣ, ਢੋਆ-ਢੁਆਈ 'ਤੇ ਪਾਬੰਦੀ ਤੇ ਜ਼ਰੂਰਤ ਪੈਣ 'ਤੇ ਨਿਰਯਾਤ 'ਤੇ ਵੀ ਰੋਕ ਲਗਾਉਣ ਦਾ ਅਧਿਕਾਰ ਦਿੰਦਾ ਹੈ। ਜਮ੍ਹਾਂਖੋਰੀ ਨੂੰ ਰੋਕਣ ਲਈ ਬਣੇ ਇਸ ਕਾਨੂੰਨ ਕਾਰਨ ਮਾਰਕੀਟ ਵਿੱਚ ਅਨਿਸ਼ਚਿਤਤਾ ਬਣੀ ਰਹਿੰਦੀ ਹੈ। ਭਾਵੇਂ ਸਰਕਾਰੀ ਦਖਲ ਕਰਕੇ ਕੀਮਤਾਂ ਘੱਟ ਵਧਦੀਆਂ ਹਨ, ਪਰ ਕਿਸਾਨਾਂ ਨੂੰ ਫ਼ਸਲਾਂ ਦੀ ਕੀਮਤ ਦਾ ਪੂਰਾ ਲਾਭ ਨਹੀਂ ਮਿਲਦਾ। ਸ਼ਾਇਦ ਇਸੇ ਕਰਕੇ ਜੋ ਖੇਤਰ ਐਮ. ਐਸ. ਪੀ. 'ਤੇ ਨਿਰਭਰ ਨਹੀਂ, ਜਿਵੇਂ- ਡੇਅਰੀ, ਪੋਲਟਰੀ, ਫਲ ਤੇ ਸਬਜ਼ੀਆਂ ਆਦਿ ਵਿੱਚ ਵਾਧਾ ਦਰ 5 ਤੋਂ 8 ਫ਼ੀਸਦੀ ਹੈ, ਜਦਕਿ ਐਮ. ਐਸ. ਪੀ. 'ਤੇ ਨਿਰਭਰ ਅਨਾਜ ਫ਼ਸਲਾਂ ਦੀ ਵਾਧਾ ਦਰ ਸਿਰਫ਼ 2-3 ਫ਼ੀਸਦੀ ਹੈ। ਭਾਵ ਐਮ.ਐਸ.ਪੀ. ਨੂੰ ਕਾਨੂੰਨੀ ਗਾਰੰਟੀ ਦੇਣ ਦੀ ਮੰਗ ਇਕ ਵੱਡਾ ਰਾਜਨੀਤਕ ਨਾਅਰਾ ਬਣ ਗਈ ਹੈ। ਪਰ ਇਕ ਬੁਨਿਆਦੀ ਸਵਾਲ ਪੁੱਛਣਾ ਬਣਦਾ ਹੈ, ਜੇ ਐਮ. ਐੱਸ. ਪੀ. ਦੀ ਗਣਨਾ ਹੀ ਅਸਲ ਲਾਗਤ ਨੂੰ ਘੱਟ ਦਿਖਾਉਂਦੀ ਹੋਵੇ ਤਾਂ ਕਾਨੂੰਨੀ ਐਮ.ਐੱਸ.ਪੀ. ਨਾਲ ਕੀ ਬਦਲੇਗਾ ? ਜੇ ਐਮ. ਐਸ. ਪੀ. ਏ-2ਐਫ. ਐਲ. ਦੇ ਆਧਾਰ 'ਤੇ ਹੀ ਰਹੇਗੀ ਤਾਂ ਕਾਨੂੰਨੀ ਗਾਰੰਟੀ ਸਿਰਫ਼ ਉਸ ਦਬੀ ਹੋਈ ਘੱਟ ਕੀਮਤ ਨੂੰ ਹੀ ਕਾਨੂੰਨੀ ਰੂਪ ਦੇਵੇਗੀ। ਇਸ ਅਰਥ ਵਿੱਚ ਮੌਜੂਦਾ ਪ੍ਰਣਾਲੀ ਦੇ ਅਧੀਨ ਕਾਨੂੰਨੀ ਐਮ.ਐੱਸ.ਪੀ. ਦੀ ਮੰਗ ਇਕ ਮ੍ਰਿਗਤ੍ਰਿਸ਼ਨਾ ਵਰਗਾ ਭਰਮ ਬਣ ਸਕਦੀ ਹੈ- ਇਕ ਐਸੀ ਉਮੀਦ ਜਿਸ ਦਾ ਕਿਸਾਨ ਪਿੱਛਾ ਕਰਦਾ ਹੈ, ਪਰ ਉਸ ਨਾਲ ਮੂਲ ਸਮੱਸਿਆ ਦਾ ਹੱਲ ਨਹੀਂ ਨਿਕਲਦਾ। ਪੰਜਾਬ ਤੇ ਹਰਿਆਣਾ ਦੋਵੇਂ ਸੂਬਿਆਂ ਨੇ ਲੰਮੇ ਸਮੇਂ ਤੱਕ ਦੇਸ਼ ਦੀ ਖਾਧ ਸੁਰੱਖਿਆ ਨੂੰ ਮਜ਼ਬੂਤ ਕੀਤਾ ਹੈ, ਪਰ ਅੱਜ ਉਹ ਕਰਜ਼ੇ ਤੇ ਪਾਣੀ ਦੇ ਸੰਕਟ ਨਾਲ ਜੂਝ ਰਹੇ ਹਨ ਤੇ ਇੱਥੇ ਫ਼ਸਲਾਂ ਦੀ ਵਿਭਿੰਨਤਾ ਵੀ ਘੱਟ ਰਹੀ ਹੈ। ਇਸ ਸਿਸਟਮ ਨੇ ਦੇਸ਼ ਨੂੰ ਖਾਣਾ ਤਾਂ ਦਿੱਤਾ, ਪਰ ਕਿਸਾਨ ਨੂੰ ਆਰਥਿਕ ਸੁਰੱਖਿਆ ਨਹੀਂ ਦਿੱਤੀ।

ਕਈ ਸਾਲਾਂ ਤੋਂ ਕਿਸਾਨ ਆਗੂ ਤੇ ਖੇਤੀ ਅਰਥਸ਼ਾਸਤਰੀ- ਸ਼ਰਦ ਜੋਸ਼ੀ, ਡਾ. ਐਸ.ਐਸ. ਜੌਹਲ, ਭੁਪਿੰਦਰ ਸਿੰਘ ਮਾਨ ਤੇ ਅਸ਼ੋਕ ਗੁਲਾਟੀ ਖੇਤੀ ਵਿੱਚ ਢਾਂਚਾਗਤ ਸੁਧਾਰਾਂ ਦੀ ਲੋੜ 'ਤੇ ਜ਼ੋਰ ਦਿੰਦੇ ਆ ਰਹੇ ਹਨ। ਦੇਸ਼ ਸਾਹਮਣੇ ਅੱਜ ਚੁਣੌਤੀ ਸਿਰਫ਼ ਐਮ.ਐੱਸ.ਪੀ. ਵਧਾਉਣ ਦੀ ਨਹੀਂ, ਸਗੋਂ ਪੂਰੇ ਖੇਤੀ ਨੀਤੀ ਢਾਂਚੇ ਬਾਰੇ ਮੁੜ ਤੋਂ ਸੋਚਣ ਦੀ ਹੈ। ਕਿਸਾਨਾਂ ਨੂੰ ਮਾਰਕੀਟਿੰਗ ਲਈ ਵਧੇਰੇ ਆਜ਼ਾਦੀ ਦੇਣ ਦੇ ਨਾਲ ਹੀ ਖੇਤੀ ਪ੍ਰੋਸੈਸਿੰਗ ਤੇ ਵੈਲਿਊ ਚੇਨ ਵਿੱਚ ਨਿਵੇਸ਼ ਵਧਾਇਆ ਜਾਣਾ ਚਾਹੀਦਾ ਹੈ। ਐਕਸਪੋਰਟ ਪਾਬੰਦੀਆਂ ਤੇ ਨੀਤੀਗਤ ਅਨਿਸ਼ਚਿਤਤਾ ਘਟਾਉਣੀ ਪਵੇਗੀ। ਭਾਰਤ ਨੂੰ ਇਕ ਸੰਪੂਰਨ ਰਾਸ਼ਟਰੀ ਖੇਤੀ ਨੀਤੀ ਬਣਾਉਣੀ ਪਵੇਗੀ। ਕਿਸਾਨ ਨੂੰ ਸਿਰਫ਼ ਖੁਰਾਕ ਸੁਰੱਖਿਆ ਦਾ ਸਾਧਨ ਨਹੀਂ, ਸਗੋਂ ਇਕ ਆਰਥਿਕ ਉਤਪਾਦਕ ਮੰਨਣਾ ਪਵੇਗਾ। ਸਦੀਆਂ ਤੋਂ ਦੇਸ਼ ਦਾ ਢਿੱਡ ਭਰਨ ਵਾਲਿਆਂ ਦਾ ਹੁਣ ਇਹ ਸਵਾਲ ਪੁੱਛਣ ਦਾ ਸਮਾਂ ਆ ਗਿਆ ਹੈ, ਕੀ ਭਾਰਤ ਦੀ ਖੁਰਾਕ ਸੁਰੱਖਿਆ ਹਮੇਸ਼ਾ ਕਿਸਾਨ ਦੀ ਆਰਥਿਕ ਅਸੁਰੱਖਿਆ 'ਤੇ ਹੀ ਟਿਕੀ ਰਹੇਗੀ।

## ਚੁਬਾਰਾ ਸਰਦਾਰੀ ਦਾ



ਜਨਮੇਜਾ ਸਿੰਘ ਜੌਹਲ

ਪਿੰਡ ਦੇ ਪੁਰਾਤਨ ਚੁਬਾਰੇ ਸਾਡੇ ਸੱਭਿਆਚਾਰ ਅਤੇ ਵਿਰਾਸਤ ਦਾ ਅਟੁੱਟ ਹਿੱਸਾ ਰਹੇ ਹਨ। ਪੁਰਾਣੇ ਸਮਿਆਂ ਵਿੱਚ ਚੁਬਾਰਾ ਸਿਰਫ ਇੱਕ ਮਕਾਨ ਦਾ ਹਿੱਸਾ ਨਹੀਂ ਸੀ, ਬਲਕਿ ਇਹ ਪਿੰਡ ਦੀ ਜ਼ਿੰਦਗੀ ਦਾ ਕੇਂਦਰ ਹੁੰਦਾ ਸੀ। ਚੁਬਾਰਿਆਂ ਵਿੱਚ ਆਮ ਤੌਰ 'ਤੇ ਠੰਢੀ ਹਵਾ ਤੇ ਖੁੱਲ੍ਹਾ ਮਾਹੌਲ ਮਿਲਦਾ ਸੀ। ਪੁਰਾਤਨ ਚੁਬਾਰੇ ਇੱਟਾਂ ਅਤੇ ਮਿੱਟੀ ਨਾਲ ਬਣੇ ਹੁੰਦੇ ਸਨ। ਉਨ੍ਹਾਂ ਦੀ ਬਣਾਵਟ ਸਾਦੀ, ਪਰ ਮਜ਼ਬੂਤ ਹੁੰਦੀ ਸੀ। ਵੱਡੀਆਂ ਖਿੜਕੀਆਂ ਅਤੇ ਖੁੱਲ੍ਹੇ ਦਰਵਾਜ਼ੇ ਹਵਾ ਦੇ ਆਉਣ-ਜਾਣ ਲਈ ਬਣਾਏ ਜਾਂਦੇ ਸਨ। ਇੱਥੇ ਬੈਠ ਕੇ ਲੋਕ ਗੱਲਾਂ ਕਰਦੇ, ਕਹਾਣੀਆਂ ਸੁਣਦੇ ਅਤੇ ਆਪਣਾ ਸਮਾਂ ਬਿਤਾਉਂਦੇ ਸਨ। ਗਰਮੀਆਂ ਦੇ ਦਿਨਾਂ ਵਿੱਚ ਲੋਕ ਚੁਬਾਰਿਆਂ ਵਿੱਚ ਸੌਣਾ ਵੀ ਪਸੰਦ ਕਰਦੇ ਸਨ, ਕਿਉਂਕਿ ਉੱਥੇ ਠੰਢਕ ਜ਼ਿਆਦਾ ਹੁੰਦੀ ਸੀ। ਚੁਬਾਰਾ ਸਮਾਜਿਕ ਜੀਵਨ ਦਾ ਵੀ ਇੱਕ ਮਹੱਤਵਪੂਰਨ ਹਿੱਸਾ ਸੀ। ਇੱਥੇ ਪਰਿਵਾਰ ਦੇ ਮੈਂਬਰ ਇਕੱਠੇ ਬੈਠਦੇ ਅਤੇ ਆਪਣੇ ਦੁੱਖ-ਸੁੱਖ ਸਾਂਝੇ ਕਰਦੇ ਸਨ। ਕਈ ਵਾਰ ਪਿੰਡ ਦੇ ਨੌਜਵਾਨ ਵੀ ਚੁਬਾਰੇ ਵਿੱਚ ਇਕੱਠੇ ਹੋ ਕੇ ਗੀਤ ਗਾਉਂਦੇ ਸਨ। ਇਸ ਤਰ੍ਹਾਂ ਚੁਬਾਰਾ ਸਿਰਫ ਇੱਕ ਥਾਂ ਨਹੀਂ ਸੀ, ਬਲਕਿ ਪਿਆਰ ਤੇ ਮਿਲਾਪ ਦਾ ਪ੍ਰਤੀਕ ਵੀ ਸੀ। ਅੱਜਕੱਲ੍ਹ ਆਧੁਨਿਕ ਘਰਾਂ ਦੇ ਕਾਰਨ ਪੁਰਾਤਨ ਚੁਬਾਰੇ ਘੱਟ ਹੁੰਦੇ ਜਾ ਰਹੇ ਹਨ। ਪਰ ਇਹ ਸਾਡੀ ਵਿਰਾਸਤ ਦਾ ਮਹੱਤਵਪੂਰਨ ਹਿੱਸਾ ਹਨ, ਜਿਨ੍ਹਾਂ ਨੂੰ ਸਾਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ। ਇਹ ਸਾਨੂੰ ਆਪਣੇ ਪੁਰਖਿਆਂ ਦੀ ਸਾਦਗੀ ਅਤੇ ਸਾਂਝੇ ਜੀਵਨ ਦੀ ਯਾਦ ਦਿਵਾਉਂਦੇ ਹਨ। ਪਿੰਡ ਦੇ ਪੁਰਾਤਨ ਚੁਬਾਰੇ ਸਾਡੀ ਸੱਭਿਆਚਾਰਕ ਪਛਾਣ ਦਾ ਦਰਪਣ ਹਨ ਅਤੇ ਇਹ ਸਾਨੂੰ ਆਪਣੇ ਮੂਲ ਨਾਲ ਜੋੜ ਕੇ ਰੱਖਦੇ ਹਨ।

# ਹਰੀ ਖਾਦ ਨਾਲ ਮਿੱਟੀ ਦੀ ਸਿਹਤ ਅਤੇ ਫ਼ਸਲਾਂ ਦਾ ਝਾੜ ਵਧਾਓ

ਅੱਜ ਤੋਂ ਕੁਝ ਸਾਲ ਪਹਿਲਾਂ ਕਿਸਾਨ ਵੀਰ ਆਪਣੇ ਖੇਤਾਂ ਵਿੱਚ ਰੂੜ੍ਹੀ ਦੀ ਖਾਦ ਪਾਉਂਦੇ ਸਨ, ਜਿਸ ਕਰਕੇ ਜ਼ਮੀਨ ਵਿੱਚ ਲਘੂ ਤੇ ਵੱਡੇ ਖੁਰਾਕੀ ਤੱਤ ਇਕਸਾਰ ਹੁੰਦੇ ਸਨ ਅਤੇ ਜ਼ਮੀਨ ਦੀ ਸਿਹਤ ਬਹੁਤ ਵਧੀਆ ਰਹਿੰਦੀ ਸੀ । ਪਰ ਅੱਜ-ਕੱਲ੍ਹ ਅਜਿਹਾ ਨਹੀਂ ਹੁੰਦਾ । ਮਿੱਟੀ ਦੀ ਸਿਹਤ ਬਰਕਰਾਰ ਰੱਖਣ ਲਈ ਰੂੜ੍ਹੀ ਦੀ ਖਾਦ ਦੇ ਬਦਲ ਵਜੋਂ ਹਰੀ ਖਾਦ ਬੀਜੀ ਜਾ ਸਕਦੀ ਹੈ । ਹਰੀ ਖਾਦ ਬੀਜਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਸਿਫਾਰਿਸ਼ ਕੀਤੀਆਂ ਗਈਆਂ ਮੁੱਖ ਫ਼ਸਲਾਂ ਜਿਵੇਂ ਕਿ ਸਣ, ਢੈਂਚਾ (ਜੰਤਰ), ਰਵਾਂਹ ਅਤੇ ਮੂੰਗੀ ਆਦਿ ਹਨ ।

**ਹਰੀ ਖਾਦ ਦੀ ਕਾਸ਼ਤ ਦੇ ਨੁਕਤੇ**

ਹਰੀ ਖਾਦ ਲਈ ਸਿਫਾਰਿਸ਼ ਕਿਸਮਾਂ, ਜੰਤਰ ਲਈ ਪੰਜਾਬ ਢੈਂਚਾ-1, ਸਣ ਲਈ ਪੀ. ਏ. ਯੂ.-1691 ਅਤੇ ਨਰਿੰਦਰ ਸਨਈ-1, ਰਵਾਂਹ ਲਈ ਸੀ. ਐਲ.-367 ਅਤੇ ਰਵਾਂਹ-88 ਬੀਜੋ । ਹਰੀ ਖਾਦ ਬੀਜਣ ਲਈ ਕਣਕ ਨੂੰ ਵੱਢਣ ਉਪਰੰਤ ਖੇਤ ਨੂੰ ਪਾਣੀ ਲਾ ਦਿਓ । ਸਣ ਅਤੇ ਢੈਂਚੇ ਲਈ 20 ਕਿਲੋ ਬੀਜ ਅਤੇ ਰਵਾਂਹ ਲਈ 12 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ । ਬੀਜ ਨੂੰ 8 ਘੰਟੇ ਲਈ ਪਾਣੀ ਵਿੱਚ ਭਿਉਂ ਕੇ ਰੱਖੋ । ਫਾਸਫੋਰਸ ਤੱਤ ਦੀ ਘਾਟ ਵਾਲੇ ਖੇਤਾਂ ਵਿੱਚ ਹਰੀ ਖਾਦ ਲਈ 75 ਕਿਲੋ ਸਿੰਗਲ ਸੁਪਰ ਫਾਸਫੇਟ ਦੀ ਵਰਤੋਂ ਬਿਜਾਈ ਸਮੇਂ ਹੀ ਕਰਨੀ ਚਾਹੀਦੀ ਹੈ । ਹਰੀ ਖਾਦ ਵਾਲੀ ਫ਼ਸਲ ਤਕਰੀਬਨ 6-8 ਹਫਤਿਆਂ ਵਿੱਚ (ਜਦੋਂ ਫ਼ਸਲ ਫੁੱਲਾਂ 'ਤੇ ਆਉਂਦੀ ਹੈ) ਤਿਆਰ ਹੋ ਜਾਂਦੀ ਹੈ । ਭਾਵ ਕਿ 15-20 ਅਪ੍ਰੈਲ ਨੂੰ ਬੀਜੀ ਫ਼ਸਲ, 10-15 ਜੂਨ ਤੱਕ ਤਿਆਰ ਹੋ ਜਾਂਦੀ ਹੈ । ਝੋਨਾ ਲਾਉਣ ਤੋਂ ਇੱਕ ਦਿਨ ਪਹਿਲਾਂ ਹਰੀ ਖਾਦ ਵਾਲੀ ਫ਼ਸਲ ਨੂੰ ਰੋਟਾਵੇਟਰ ਜਾਂ ਤਵੀਆਂ ਨਾਲ ਵਾਹ ਦਿਓ । ਇਸ ਤਰ੍ਹਾਂ ਮਿੱਟੀ ਵਿੱਚ ਦਬਾਈ ਗਈ ਹਰੀ ਖਾਦ ਹੌਲੀ-ਹੌਲੀ ਗਲਦੀ ਰਹਿੰਦੀ ਹੈ ਅਤੇ ਝੋਨੇ ਦੀ ਫ਼ਸਲ ਨੂੰ ਲੋੜ ਅਨੁਸਾਰ ਖੁਰਾਕੀ ਤੱਤ ਮਿਲਦੇ ਰਹਿੰਦੇ ਹਨ ।



**ਹਰੀ ਖਾਦ ਦੇ ਫਾਇਦੇ**

ਹਰੀ ਖਾਦ ਮਿੱਟੀ ਦੀ ਸਿਹਤ ਸੁਧਾਰਨ ਵਿੱਚ ਅਹਿਮ ਯੋਗਦਾਨ ਪਾਉਂਦੀ ਹੈ । ਹਰੀ ਖਾਦ ਬੀਜਣ ਨਾਲ ਜ਼ਮੀਨ ਵਿੱਚ ਨਾਈਟਰੋਜਨ, ਫਾਸਫੋਰਸ, ਪੋਟਾਸ਼ ਅਤੇ ਹੋਰ ਲੱਘੂ ਖੁਰਾਕੀ ਤੱਤਾਂ ਦੀ ਮਾਤਰਾ ਵਿੱਚ ਵਾਧਾ ਹੁੰਦਾ ਹੈ । ਹਰੀ ਖਾਦ ਮਿੱਟੀ ਵਿੱਚ ਜੈਵਿਕ ਮਾਦਾ ਵਧਾਉਣ ਦੇ ਨਾਲ-ਨਾਲ ਮਿੱਟੀ ਦੀ ਭੌਤਿਕ, ਰਸਾਇਣਿਕ ਅਤੇ ਜੈਵਿਕ ਹਾਲਤ ਵੀ ਸੁਧਾਰਦੀ ਹੈ । ਹਰੀ ਖਾਦ ਮਿੱਟੀ ਦੀ ਬਣਤਰ ਵਿੱਚ ਸੁਧਾਰ ਕਰਦੀ ਹੈ, ਜਿਸ ਨਾਲ ਜ਼ਮੀਨ ਵਿੱਚ ਪਾਣੀ ਜ਼ਿਆਦਾ ਜੀਰਦਾ ਹੈ ਅਤੇ ਮਿੱਟੀ ਦਾ ਭੌਂਅ ਖੋਰ ਵੀ ਘਟਦਾ ਹੈ । ਜਿਸ ਖੇਤ ਵਿੱਚ ਹਰੀ ਖਾਦ ਬੀਜੀ ਹੋਵੇ, ਉੱਥੇ ਝੋਨੇ ਦੀ ਫ਼ਸਲ ਨੂੰ 25 ਕਿਲੋ ਨਾਈਟਰੋਜਨ ਤੱਤ (55 ਕਿਲੋ ਯੂਰੀਆ ਖਾਦ) ਪ੍ਰਤੀ ਏਕੜ ਘੱਟ ਪਾਉਣੀ ਚਾਹੀਦੀ ਹੈ ਅਤੇ ਬਾਸਮਤੀ ਨੂੰ ਯੂਰੀਆ ਖਾਦ ਪਾਉਣ ਦੀ ਲੋੜ ਨਹੀਂ ਪੈਂਦੀ ।

ਕਣਕ ਦੇ ਵੱਢ ਵਿੱਚ ਬੀਜੀ ਗਰਮ ਰੁੱਤ ਦੀ ਮੂੰਗੀ ਦੀਆਂ ਫਲੀਆਂ ਤੋੜਨ ਉਪਰੰਤ ਮੂੰਗੀ ਦਾ ਹਰਾ ਟਾਂਗਰ ਝੋਨਾ ਲਾਉਣ ਤੋਂ ਇੱਕ ਜਾਂ ਦੋ ਦਿਨ ਪਹਿਲਾਂ ਮਿੱਟੀ ਵਿੱਚ ਮਿਲਾਉਣ ਨਾਲ ਝੋਨੇ ਦਾ ਝਾੜ ਵੱਧ ਜਾਂਦਾ ਹੈ ਅਤੇ ਝੋਨੇ ਦੀ ਫ਼ਸਲ ਨੂੰ ਨਾਈਟਰੋਜਨ ਦਾ ਤੀਜਾ ਹਿੱਸਾ ਘਟਾ ਦੇਣਾ ਚਾਹੀਦਾ ਹੈ ।

ਹਰੀ ਖਾਦ ਤੋਂ ਬਾਅਦ ਬੀਜੀ ਜਾਣ ਵਾਲੀ ਫ਼ਸਲ ਵਿੱਚ ਨਦੀਨਾਂ ਦੀ ਸਮੱਸਿਆ ਘੱਟ ਆਉਂਦੀ ਹੈ, ਕਿਉਂਕਿ ਹਰੀ ਖਾਦ ਦੇ ਨਾਲ ਉੱਗੇ ਨਦੀਨ, ਹਰੀ ਖਾਦ ਵਾਹੁਣ ਉਪਰੰਤ ਬੀਜ ਬੀਜਣ ਤੋਂ ਪਹਿਲਾਂ ਹੀ ਮਿੱਟੀ ਵਿੱਚ ਦੱਬ ਜਾਂਦੇ ਹਨ । ਹਰੀ ਖਾਦ ਜ਼ਮੀਨ ਵਿੱਚ ਪਏ ਖੁਰਾਕੀ ਤੱਤਾਂ ਨੂੰ ਘੋਲਦੀ ਹੈ ਅਤੇ ਲੋੜ ਅਨੁਸਾਰ ਬੂਟੇ ਨੂੰ ਮੁਹੱਈਆ ਕਰਾਉਂਦੀ ਰਹਿੰਦੀ ਹੈ, ਜਿਸ ਦੇ ਸਿੱਟੇ ਵਜੋਂ ਫ਼ਸਲਾਂ ਦਾ ਝਾੜ ਵਧਦਾ ਹੈ । ਹਰੀ ਖਾਦ ਜ਼ਮੀਨ ਦਾ ਖਾਰੀ ਅੰਗ ਨੂੰ ਘਟਾਉਣ ਦੇ ਨਾਲ-ਨਾਲ ਜ਼ਮੀਨ ਵਿੱਚ ਲਾਭਦਾਇਕ ਜੀਵਾਣੂਆਂ ਦੀ ਗਿਣਤੀ ਵੀ ਵਧਾਉਂਦੀ ਹੈ ।

ਹਰੀ ਖਾਦ ਜ਼ਮੀਨ ਵਿੱਚ ਨੀਮਾਟੋਡ ਦੀ ਸਮੱਸਿਆ ਨੂੰ ਵੀ ਹੱਲ ਕਰਨ ਵਿੱਚ ਸਹਾਈ ਹੁੰਦੀ ਹੈ ।

*ਅਮਨਦੀਪ ਕੌਰ, ਸਿਮਰਜੀਤ ਕੌਰ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ ਅਤੇ ਪੀ. ਏ. ਯੂ., ਲੁਧਿਆਣਾ ਮੋ. 94646-59995*

# ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਦੀ ਲੋੜ

ਚਾਲੂ ਮਾਲੀ ਵਰ੍ਹੇ 2026 ਦੌਰਾਨ ਖੇਤੀਬਾੜੀ ਵਿਭਾਗ ਪੰਜਾਬ ਵੱਲੋਂ ਝੋਨੇ ਦੀ ਸਿੱਧੀ ਬੀਜਾਈ ਹੇਠ ਰਕਬਾ ਪੰਜ ਲੱਖ ਏਕੜ ਲੈ ਕੇ ਆਉਣ ਦਾ ਟੀਚਾ ਮਿੱਥਿਆ ਗਿਆ ਹੈ, ਜਦੋਂਕਿ ਪੰਜਾਬ ਅੰਦਰ 32 ਲੱਖ ਹੈਕਟੇਅਰ ਰਕਬੇ 'ਤੇ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਹੈ । ਭਾਵੇਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ 1500 ਰੁਪਏ ਪ੍ਰਤੀ ਏਕੜ ਦੀ ਮੱਦਦ ਵੀ ਦਿੱਤੀ ਜਾਂਦੀ ਹੈ । ਫਿਰ ਵੀ 5 ਲੱਖ ਏਕੜ ਰਕਬਾ ਝੋਨੇ ਦੀ ਸਿੱਧੀ ਬਿਜਾਈ ਹੇਠ ਬਹੁਤ ਜ਼ਿਆਦਾ ਘੱਟ ਹੈ । ਜਿਸ ਕਰਕੇ ਕਿਸਾਨਾਂ ਨੂੰ ਪੰਜਾਬ ਅੰਦਰ ਝੋਨੇ ਦੀ ਸਿੱਧੀ ਬਿਜਾਈ ਵੱਲ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਪੰਜਾਬ ਵਿੱਚ 15 ਮਈ ਤੋਂ ਝੋਨੇ ਦੀ ਸਿੱਧੀ ਬਿਜਾਈ ਸ਼ੁਰੂ ਹੋਣ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਨਹਿਰੀ ਪਾਣੀ ਵੀ ਦੇਣ ਦਾ ਪ੍ਰੋਗਰਾਮ ਬਣਾਇਆ ਗਿਆ ਹੈ । ਜਿੱਥੇ ਝੋਨੇ ਦੀ ਸਿੱਧੀ ਬਿਜਾਈ ਕਰਨ ਦਾ ਸਭ ਤੋਂ ਵੱਡਾ ਕਾਰਨ ਪੰਜਾਬ ਵਿੱਚ ਪ੍ਰਵਾਸੀ ਅਤੇ ਪੰਜਾਬ ਦੇ ਮਜ਼ਦੂਰਾਂ ਦੀ ਘਾਟ ਵੀ ਹੈ, ਉਥੇ ਹੀ ਧਰਤੀ ਹੇਠਲੇ ਪਾਣੀ ਦਾ ਸੰਕਟ ਵੀ ਕਈ ਗੁਣਾ ਵੱਧ ਚੁੱਕਾ ਹੈ । ਪਰ ਝੋਨੇ ਦੀ ਹੋਈ ਸਿੱਧੀ ਬਿਜਾਈ ਕਾਰਨ ਪਾਣੀ ਦੀ ਬੱਚਤ ਹੋਣ ਦੇ ਨਾਲ ਹੀ ਕਿਸਾਨਾਂ ਦਾ ਬੂਟਿਆਂ ਰਾਹੀਂ ਝੋਨਾ ਲਗਾਉਣ ਨਾਲ ਖਰਚਾ ਵੀ ਕਈ ਗੁਣਾ ਘੱਟ ਆਉਂਦਾ ਹੈ, ਕਿਉਂਕਿ ਝੋਨੇ ਦੀ ਪਨੀਰੀ ਬੀਜਣ ਤੋਂ ਲੈ ਕੇ ਪੁੱਟਣ ਤੱਕ, ਝੋਨਾ ਲਗਾਉਣ ਲਈ ਜ਼ਮੀਨ ਵਿੱਚ ਕੱਦੂ ਕਰਨ ਤੱਕ ਹਜ਼ਾਰਾਂ ਰੁਪਏ ਖਰਚ ਹੋਣ ਦੇ ਨਾਲ ਹੀ ਖੇਤ ਵਿੱਚ ਪਾਣੀ ਖੜਾਉਣਾ ਪੈਂਦਾ ਹੈ । ਇਸ ਤਰ੍ਹਾਂ ਦੀ ਬਿਜਾਈ ਨਾਲ ਧਰਤੀ ਹੇਠਲਾ ਪਾਣੀ ਵੀ ਘੱਟ ਹੋ ਰਿਹਾ ਹੈ । ਦੂਸਰੇ ਪਾਸੇ ਦੇਸ਼ ਦੇ ਤਕਰੀਬਨ ਹਰ ਰਾਜ ਅੰਦਰ ਆਪਣੀ ਲੋੜ ਮੁਤਾਬਿਕ ਚੌਲ ਪੈਦਾ ਹੋ ਰਹੇ ਹਨ, ਹੁਣ ਇਹ ਗੱਲ ਨਹੀਂ ਆਖੀ ਜਾ ਸਕਦੀ ਕਿ ਦੇਸ਼ ਦੇ ਰਾਜ ਚੌਲਾਂ ਲਈ ਪੰਜਾਬ 'ਤੇ ਪੂਰੀ ਤਰ੍ਹਾਂ ਨਿਰਭਰ ਹਨ, ਸਗੋਂ ਪੰਜਾਬ ਵਿੱਚ ਲੱਗੇ ਸੇਲਾ ਪਲਾਂਟ ਝੋਨਾ ਦੂਸਰੇ ਰਾਜਾਂ ਵਿੱਚੋਂ ਲੈ ਕੇ ਆਉਂਦੇ ਹਨ ਅਤੇ ਚਾਵਲਾਂ ਨੂੰ ਐਕਸਪੋਰਟ ਕੀਤਾ ਜਾਂਦਾ ਹੈ । ਝੋਨੇ ਦੀ ਫ਼ਸਲ ਖਾਸ ਕਰਕੇ ਬਾਸਮਤੀ ਕਿਸਮ 'ਤੇ ਨਦੀਨ ਅਤੇ ਕੀਟਨਾਸ਼ਕਾਂ ਦੀ ਬੇਲੋੜੀ ਵਰਤੋਂ ਹੁੰਦੀ ਰਹੀ ਹੈ । ਜਿਸ ਕਰਕੇ ਕੌਮੀ ਪੱਧਰ 'ਤੇ ਚੌਲਾਂ ਦੇ ਮਿਆਰ ਵਿੱਚ ਗਿਰਾਵਟ ਆਉਣ ਕਰਕੇ ਭਾਰਤੀ ਚੌਲਾਂ ਦੀ ਮੰਗ ਘਟਦੀ ਜਾ ਰਹੀ ਸੀ (ਖਾਸ ਕਰਕੇ ਪੰਜਾਬ ਦੇ ਚੌਲਾਂ ਦੀ), ਕਿਉਂਕਿ ਪੰਜਾਬ ਦੇ ਕਿਸਾਨ ਝੋਨੇ ਲਈ ਸਭ ਤੋਂ ਵੱਧ ਜ਼ਹਿਰਾਂ ਦੀ ਵਰਤੋਂ ਕਰਦੇ ਹਨ । ਜਿਸ ਕਰਕੇ ਪਿਛਲੇ ਸਮਿਆਂ ਦੌਰਾਨ ਕੇਂਦਰ ਸਰਕਾਰ ਵੱਲੋਂ ਚੌਲਾਂ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਮਕਸਦ ਨਾਲ 27 ਦੇ ਕਰੀਬ ਕੀਟਨਾਸ਼ਕ, ਉੱਲੀਨਾਸ਼ਕ ਅਤੇ ਨਦੀਨ-ਨਾਸ਼ਕ ਦਵਾਈਆਂ ਦੇ ਭੰਡਾਰ ਅਤੇ ਖਰੀਦ-ਵੇਚ 'ਤੇ ਪਾਬੰਦੀ ਲਗਾਉਣ ਦੀ ਯੋਜਨਾ ਬਣਾਈ ਗਈ ਸੀ, ਜਿਨ੍ਹਾਂ ਵਿੱਚ ਅਲਟਰਾਜ਼ਾਈਨ, ਬੇਨਫਰਾਕਾਰਬ ਬੂਟਾਕਲੋਰ (ਨਦੀਨ-ਨਾਸ਼ਕ), ਕੈਪਟਨ (ਉੱਲੀ ਨਾਸ਼ਕ) ਕਾਰਬੇਂਡੇਜ਼ਿਮ, ਕਾਰਬੋਫਿਊਰਾਨ, ਕਲੋਰੋ ਪਿਊਰੀਫਾਸ, 2,4-ਡੀ ਨਦੀਨ-ਨਾਸ਼ਕ, ਡੈਲਟਾਮੈਥਰੀਨ, ਡਿਕੋਫਾਲ ਡਿਮੇਥੇਟ, ਡਾਈਨੋਕੈਪ (ਉੱਲੀ ਨਾਸ਼ਕ), ਡਿਊਰਾਨ (ਨਦੀਨ ਨਾਸ਼ਕ), ਮੈਲਾਥੀਆਨ, ਮੈਨਕੋਜ਼ੇਬ ਮਿਥਮਿਲ, ਮੋਨੋਕਰੋਟੋਫਾਸ, ਆਕਸੀਫਲੋਰੀਨ (ਨਦੀਨ-ਨਾਸ਼ਕ), ਪੈਂਡੀਮੈਥਲੀਨ (ਨਦੀਨ-ਨਾਸ਼ਕ), ਕੁਇਨਲਫਾਸ, ਸਲਫੋਸਲਫੂਰਾਨ (ਨਦੀਨ-ਨਾਸ਼ਕ), ਥਾਇਓਡਿਕਾਰਬ, ਬਾਯਫਿਨੇਟ ਮਿਥਾਇਲ (ਉੱਲੀ ਨਾਸ਼ਕ), ਥੀਰਮ (ਉੱਲੀ ਨਾਸ਼ਕ), ਜੀਨੇਬ, ਜੀਰਮ (ਉੱਲੀ ਨਾਸ਼ਕ) ਆਦਿ ਸ਼ਾਮਿਲ ਹਨ । ਇਨ੍ਹਾਂ ਕੀਟਨਾਸ਼ਕਾਂ / ਨਦੀਨ-ਨਾਸ਼ਕਾਂ ਦੀ ਵਰਤੋਂ 'ਤੇ ਪੰਜਾਬ ਵਿੱਚ ਪਾਬੰਦੀ ਲਾ ਦਿੱਤੀ ਗਈ ਸੀ, ਜਿਨ੍ਹਾਂ ਵਿੱਚ ਕੈਪਟਨ (ਉੱਲੀ-ਨਾਸ਼ਕ), ਕਾਰਬੇਡੇਜ਼ਿਮ (ਕੀਟਨਾਸ਼ਕ) ਝੋਨੇ ਦੇ ਬੀਜ ਨੂੰ ਸੋਧਣ ਲਈ ਕੰਮ ਆਉਂਦੀ ਹੈ । ਕਾਰਬੇਡੇਜ਼ਿਮ ਕੀਟਨਾਸ਼ਕ ਤੇਲ ਬੀਜਾਂ ਨੂੰ ਕੀੜਿਆਂ ਤੋਂ ਬਚਾਅ ਲਈ ਕੰਮ ਆਉਂਦੀ ਹੈ, ਕਲੋਰੋ ਪਿਊਰੀਫਾਸ (ਕੀਟਨਾਸ਼ਕ) ਝੋਨੇ ਗੰਨੇ ਨੂੰ ਕੀੜਿਆਂ ਤੋਂ ਬਚਾਅ ਲਈ ਕੰਮ ਆਉਂਦੀ ਹੈ, ਮੈਲਾਥੀਆਨ (ਕੀਟਨਾਸ਼ਕ) ਟਮਾਟਰ ਦੀ ਫ਼ਸਲ 'ਤੇ ਪੈਣ ਵਾਲੀ ਚਿੱਟੀ ਮੱਖੀ ਨੂੰ ਕਾਬੂ ਕਰਨ ਵਾਲੀ, ਆਕਸੀਫਲੋਰੀਨ ਨਦੀਨ-ਨਾਸ਼ਕ ਪਿਆਜ਼ ਦੀ ਫ਼ਸਲ ਵਿੱਚ ਉੱਘੇ ਘਾਹ ਨੂੰ ਕਾਬੂ ਕਰਨ ਵਾਲੀ, ਪੈਂਡੀਮੈਥਲੀਨ ਨਦੀਨ-ਨਾਸ਼ਕ ਝੋਨੇ ਦੀ ਸਿੱਧੀ ਬਿਜਾਈ ਵਾਲੀ ਫ਼ਸਲ ਵਿੱਚ ਉੱਘੇ ਘਾਹ ਨੂੰ ਕਾਬੂ ਕਰਨ ਲਈ ਆਦਿ ਸ਼ਾਮਿਲ ਹਨ । ਪਰ ਇਨ੍ਹਾਂ ਦਵਾਈਆਂ ਦਾ ਹੋਰ ਕੋਈ ਬਦਲ ਵੀ ਨਹੀਂ ਹੈ । ਕੀਟ ਅਤੇ ਨਦੀਨਨਾਸ਼ਕਾਂ 'ਤੇ ਪਾਬੰਦੀ ਲਉਣ ਦੇ ਨਾਲ ਹੀ ਪੰਜਾਬ ਵਿੱਚ ਝੋਨੇ ਹੇਠ ਰਕਬਾ ਘਟਾਉਣ ਦੀਆਂ ਯੋਜਨਾਵਾਂ ਵੀ ਤਿਆਰ ਕਰਨੀਆਂ ਚਾਹੀਦੀਆਂ ਹਨ । ਜੇਕਰ ਪੰਜਾਬ ਵਿੱਚ ਝੋਨੇ ਹੇਠ ਰਕਬਾ ਨਹੀਂ ਘਟਾਇਆ ਜਾ ਸਕਦਾ ਤਾਂ ਝੋਨੇ ਦੀ ਬੀਜਾਈ ਦਾ ਢੰਗ ਬਦਲ ਕੇ ਪਾਣੀ ਅਤੇ ਹੋਰ ਖਰਚਿਆਂ ਦੀ ਬੱਚਤ ਕੀਤੀ ਜਾ ਸਕਦੀ ਹੈ । ਇਸ ਤੋਂ ਪਹਿਲਾਂ ਝੋਨਾ ਵੱਟਾਂ 'ਤੇ ਵੀ ਲਗਾਇਆ ਗਿਆ ਸੀ । ਪੰਜਾਬ ਵਿੱਚ ਝੋਨੇ ਦੀ ਸਿੱਧੀ ਬੀਜਾਈ ਦੋ ਤਰ੍ਹਾਂ ਦੇ ਢੰਗਾਂ ਨਾਲ ਕੀਤੀ ਜਾ ਰਹੀ ਹੈ । ਕੁਝ ਕਿਸਾਨਾਂ ਵੱਲੋਂ ਤਾਂ ਝੋਨੇ ਦੇ ਬੀਜ ਦਾ ਖੇਤ ਵਿੱਚ ਛਿੱਟਾ ਦਿੱਤਾ ਜਾਂਦਾ ਹੈ ਅਤੇ ਕੁਝ ਕਿਸਾਨਾਂ ਵੱਲੋਂ ਡਰਿੱਲਾਂ ਰਾਹੀਂ ਝੋਨੇ ਦੀ ਸਿੱਧੀ ਬੀਜਾਈ ਕੀਤੀ ਜਾ ਰਹੀ ਹੈ । ਜਿਸ ਨੂੰ ਉਤਸ਼ਾਹਿਤ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਬਸਿਡੀ 'ਤੇ ਸਿੱਧੀ ਬੀਜਾਈ ਵਾਲੀਆਂ ਮਸ਼ੀਨਾਂ ਅਤੇ ਝੋਨਾ ਲਗਾਉਣ ਵਾਲੀਆਂ ਮਸ਼ੀਨਾਂ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਹਨ ।

ਇੱਕ ਗੱਲ ਮੁੱਢ ਤੋਂ ਹੀ ਉੱਭਰ ਕੇ ਸਾਹਮਣੇ ਆ ਰਹੀ ਸੀ ਕਿ ਝੋਨੇ ਦੇ ਬੂਟੇ ਨੂੰ ਪਾਣੀ ਵਾਲਾ ਬੂਟਾ ਨਾ ਬਣਾਇਆ ਜਾਵੇ, ਸਗੋਂ ਖੇਤ ਵਿੱਚ ਸਿੱਲ੍ਹ ਹੋਣੀ ਜ਼ਰੂਰੀ ਹੋਵੇ ਤਾਂ ਕਿ ਜ਼ਮੀਨ ਵਿੱਚ ਤਰੇੜਾਂ ਨਾ ਪੈ ਸਕਣ । ਪਰ ਪੰਜਾਬ ਦੇ ਕਿਸਾਨਾਂ ਨੇ ਜ਼ਮੀਨ ਵਿੱਚ ਪਾਣੀ ਖੜ੍ਹਾ ਰੱਖਣ ਵਾਲਾ ਆਪਣਾ ਤਜ਼ਰਬਾ ਜਾਰੀ ਰੱਖਿਆ । ਫੁਹਾਰਾ ਸਿੰਚਾਈ ਪ੍ਰਣਾਲੀ ਰਾਹੀਂ ਜਿੱਥੇ ਝੋਨੇ ਦੇ ਖੇਤਾਂ ਨੂੰ ਪਾਣੀ ਦਿੱਤਾ ਜਾ ਰਿਹਾ ਹੈ, ਉਥੇ ਹੀ ਇਸ ਪ੍ਰਣਾਲੀ ਰਾਹੀਂ ਫ਼ਸਲ ਦੇ ਪੱਤੇ ਫੁਹਾਰੇ ਨਾਲ ਧੋਏ ਜਾਂਦੇ ਹਨ । ਭਾਵ ਕਿ ਬਰਸਾਤ ਵਾਂਗ ਕਣੀਆਂ ਫ਼ਸਲ 'ਤੇ ਪੈਂਦੀਆਂ ਹਨ, ਦੂਸਰਾ ਲਾਭ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਜੇਕਰ ਹਾੜ੍ਹੀ ਦੀ ਬਿਜਾਈ ਵੇਲੇ ਜ਼ਮੀਨ ਵਿੱਚ ਵੱਤਰ ਨਾ ਹੋਵੇ ਤਾਂ ਫੁਹਾਰਾ ਸਿੰਚਾਈ ਰਾਹੀਂ ਸਿੱਲ੍ਹ ਪੈਦਾ ਕਰਕੇ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ । ਫ਼ਸਲ ਨੂੰ ਪਾਣੀ ਦੇਣ ਵਾਲੀ ਇਸ ਯੋਜਨਾ ਨਾਲ 30-40 ਫੀਸਦੀ ਪਾਣੀ ਦੀ ਬੱਚਤ ਹੋਣ ਦੇ ਨਾਲ ਹੀ ਫ਼ਸਲ ਨੂੰ ਬਿਮਾਰੀਆਂ ਘੱਟ ਲੱਗਣ ਦਾ ਤਜ਼ਰਬਾ ਵੀ ਹਾਸਿਲ ਹੋਇਆ ਹੈ । ਸਿੱਧੀ ਬਿਜਾਈ ਨਾਲ ਝੰਡਾ ਰੋਗ ਨਹੀਂ ਪੈਂਦਾ, ਕੱਦੂ ਕਰਵਾਈ, ਝੋਨੇ ਦੀ ਲਵਾਈ, ਪਨੀਰੀ ਦਾ ਖਰਚਾ ਪਾ ਕੇ ਸ਼ੁਰੂਆਤੀ ਦੌਰ ਵਿੱਚ 5 ਤੋਂ 7 ਹਜ਼ਾਰ ਰੁਪਏ ਦਾ ਸਿੱਧਾ ਲਾਭ ਕਿਸਾਨਾਂ ਨੂੰ ਪ੍ਰਤੀ ਏਕੜ ਪਿੱਛੇ ਹੁੰਦਾ ਹੈ । ਜੇ ਸਿੱਧੀ ਬਿਜਾਈ ਵਾਲੀ ਫ਼ਸਲ ਦਾ ਝਾੜ ਦੂਸਰੀ ਬਿਜਾਈ ਨਾਲੋਂ ਘੱਟ ਨਿਕਲਦਾ ਹੈ ਤਾਂ ਵੀ ਕਿਸਾਨ ਨੂੰ ਕੋਈ ਜ਼ਿਆਦਾ ਨੁਕਸਾਨ ਨਹੀਂ ਹੈ । ਖਾਦ ਤੇ ਨਦੀਨ-ਨਾਸ਼ਕਾਂ ਦੀ ਵਰਤੋਂ ਦੂਜੀ ਫ਼ਸਲ ਵਾਂਗ ਹੀ ਹੁੰਦੀ ਹੈ । ਪਾਣੀ ਖੜ੍ਹਨ ਵਾਲੀਆਂ ਜ਼ਮੀਨਾਂ ਵਿੱਚ ਸਿੱਧੀ ਬਿਜਾਈ ਪੂਰੀ ਤਰ੍ਹਾਂ ਕਾਮਯਾਬ ਹੈ, ਕਿਉਂਕਿ 15-20 ਮਈ ਤੱਕ ਬੀਜੀ ਗਈ ਝੋਨੇ ਦੀ ਫ਼ਸਲ ਮੀਂਹ ਆਉਣ ਤੱਕ ਵਧੀਆ ਹੋ ਜਾਂਦੀ ਹੈ ਤੇ ਮੀਂਹਾਂ ਨਾਲ ਬੂਟੇ ਦਾ ਫੁਹਾਰਾ ਵਧਦਾ ਹੈ । ਕੱਦੂ ਕਰਕੇ ਲਵਾਈ ਗਈ ਝੋਨੇ ਦੀ ਫ਼ਸਲ ਵਿੱਚ ਪਹਿਲਾਂ ਹੀ ਪਾਣੀ ਖੜ੍ਹਾ ਹੋਣ ਕਰਕੇ ਅਤੇ ਫਿਰ ਮੀਂਹ ਪੈ ਜਾਣ ਨਾਲ ਬੂਟੇ ਮਰ ਜਾਂਦੇ ਹਨ । ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਜਿਸ ਤਰ੍ਹਾਂ ਪਰਾਲੀ ਸਾਂਭਣ ਵਾਲੀਆਂ 50 ਹਜ਼ਾਰ 815 ਮਸ਼ੀਨਾਂ 'ਤੇ 460 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਗਈ ਸੀ, ਇਸੇ ਤਰ੍ਹਾਂ ਸਿੱਧੀ ਬਿਜਾਈ ਵਾਲੇ ਝੋਨੇ 'ਤੇ ਵੀ ਏਕੜ ਦੇ ਹਿਸਾਬ ਨਾਲ 5 ਹਜ਼ਾਰ ਰੁਪਏ ਪ੍ਰਤੀ ਏਕੜ ਸਬਸਿਡੀ ਦਿੱਤੀ ਜਾਣੀ ਚਾਹੀਦੀ ਹੈ, ਤਾਂ ਕਿ ਸਿੱਧੀ ਬਿਜਾਈ ਵਾਲੇ ਝੋਨੇ ਦਾ ਘੱਟ ਝਾੜ ਨਿਕਲਣ 'ਤੇ ਕਿਸਾਨ ਦੀ ਆਰਥਿਕ ਮੱਦਦ ਹੋ ਸਕੇ ਅਤੇ ਧਰਤੀ ਹੇਠਲੇ ਡੂੰਘੇ ਹੋ ਰਹੇ ਪਾਣੀ ਨੂੰ ਬਚਾਇਆ ਜਾ ਸਕੇ ।



**- ਬ੍ਰਿਸ਼ ਭਾਨ ਬੁਜਰਕ, ਪਟਿਆਲਾ, ਮੋ. 98761-01698**

# ਝੋਨੇ ਦੀ ਪਨੀਰੀ ਵਿੱਚ ਚੂਹਿਆਂ ਦੀ ਰੋਕਥਾਮ ਰਵਾਇਤੀ ਤਰੀਕੇ ਨਾਲ

ਚੂਹਿਆਂ ਦੇ ਪ੍ਰਬੰਧ ਲਈ ਰਸਾਇਣਕ ਜ਼ਹਿਰਾਂ ਦੀ ਵਰਤੋਂ ਆਮ ਹੈ, ਪਰ ਝੋਨੇ ਦੀ ਪਨੀਰੀ ਵਿੱਚ ਇਹਨਾਂ ਦੀ ਵਰਤੋਂ ਅਕਸਰ ਉਚਿਤ ਨਹੀਂ ਮੰਨੀ ਜਾਂਦੀ ਕਿਉਂਕਿ ਇਸ ਨਾਲ ਪੰਛੀਆਂ ਅਤੇ ਹੋਰ ਲਾਭਕਾਰੀ ਜੀਵਾਂ ਨੂੰ ਖਤਰਾ ਹੋ ਸਕਦਾ ਹੈ। ਰਸਾਇਣਾਂ ਦੀ ਗਲਤ ਵਰਤੋਂ ਨਾਲ ਵਾਤਾਵਰਣ ਅਤੇ ਸੁਰੱਖਿਆ ਸੰਬੰਧੀ ਚਿੰਤਾਵਾਂ ਵੀ ਪੈਦਾ ਹੋ ਸਕਦੀਆਂ ਹਨ। ਇਸ ਲਈ ਝੋਨੇ ਦੀ ਪਨੀਰੀ ਵਿੱਚ ਚੂਹਿਆਂ ਦੇ ਪ੍ਰਬੰਧ ਲਈ ਇੱਕ ਸੁਰੱਖਿਅਤ, ਸਸਤੇ ਅਤੇ ਵਾਤਾਵਰਣ-ਅਨੁਕੂਲ ਤਰੀਕੇ ਦੀ ਲੋੜ ਹੈ।



**ਨੀਨਾ ਸਿੰਗਲਾ ਅਤੇ ਮਨਪ੍ਰੀਤ ਜੈਦਕਾ,**
**ਜੀਵ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ ਮੋ. 93573-25446**

ਝੋਨੇ ਦੀ ਤੰਦਰੁਸਤ ਪਨੀਰੀ ਵੱਧ ਪੈਦਾਵਾਰ ਪ੍ਰਾਪਤ ਕਰਨ ਦੀ ਬੁਨਿਆਦ ਹੁੰਦੀ ਹੈ। ਪਰੰਤੂ ਵੱਖ-ਵੱਖ ਅਲਾਮਤਾਂ ਵਿੱਚੋਂ ਝੋਨੇ ਦੀ ਪਨੀਰੀ ਵਿੱਚ ਚੂਹਿਆਂ ਦਾ ਹਮਲਾ ਇੱਕ ਗੰਭੀਰ ਸਮੱਸਿਆ ਹੈ।

**ਨੁਕਸਾਨ ਦੀ ਮਾਤਰਾ ਅਤੇ ਪ੍ਰਕਿਰਤੀ** : ਚੂਹੇ ਆਮ ਤੌਰ ਤੇ ਝੋਨੇ ਦੀ ਪਨੀਰੀ ਵਿੱਚ 2-5 ਪ੍ਰਤੀਸ਼ਤ ਤੱਕ ਨੁਕਸਾਨ ਕਰਦੇ ਹਨ, ਖ਼ਾਸ ਕਰਕੇ ਅੰਕੁਰਣ ਅਵਸਥਾ ਦੌਰਾਨ। ਪਰ ਜੇ ਹਮਲਾ ਜ਼ਿਆਦਾ ਹੋਵੇ ਤਾਂ ਨੁਕਸਾਨ ਕਾਫ਼ੀ ਵੱਧ ਸਕਦਾ ਹੈ ਅਤੇ ਕੁੱਝ ਖੇਤਰਾਂ ਵਿੱਚ 25 ਪ੍ਰਤੀਸ਼ਤ ਤੱਕ ਪਹੁੰਚ ਸਕਦਾ ਹੈ। ਚੂਹੇ ਮੁੱਖ ਤੌਰ ਤੇ ਰਾਤ ਸਮੇਂ ਸਰਗਰਮ ਰਹਿੰਦੇ ਹਨ। ਇਹ ਰਾਤ ਵੇਲੇ ਨੇੜਲੀਆਂ ਵੱਟਾਂ, ਜੰਗਲੀ ਘਾਹ ਅਤੇ ਨਾਲ ਲੱਗਦੇ ਖੇਤਾਂ ਤੋਂ ਪਨੀਰੀ ਵਿੱਚ ਦਾਖਲ ਹੁੰਦੇ ਹਨ, ਅੰਕੁਰਿਤ ਹੋ ਰਹੇ ਬੀਜਾਂ ਅਤੇ ਨਰਮ ਪੌਦਿਆਂ ਨੂੰ ਖਾਂਦੇ ਹਨ ਅਤੇ ਸਵੇਰ ਤੋਂ ਪਹਿਲਾਂ ਆਪਣੀਆਂ ਖੁੱਡਾਂ ਵਿੱਚ ਵਾਪਸ ਚਲੇ ਜਾਂਦੇ ਹਨ। ਨੁਕਸਾਨ ਮੁੱਖ ਤੌਰ ਤੇ ਰਾਤ ਨੂੰ ਹੁੰਦਾ ਹੈ, ਇਸ ਲਈ ਕਿਸਾਨਾਂ ਨੂੰ ਸਮੱਸਿਆ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਕਾਫ਼ੀ ਨੁਕਸਾਨ ਹੋ ਚੁੱਕਿਆ ਹੁੰਦਾ ਹੈ।



**ਝੋਨੇ ਦੀ ਪਨੀਰੀ ਚੂਹਿਆਂ ਲਈ ਵੱਧ ਅਨੁਕੂਲ ਕਿਉਂ ਹੁੰਦੀ ਹੈ** : ਝੋਨੇ ਦੀ ਪਨੀਰੀ ਚੂਹਿਆਂ ਦੇ ਹਮਲੇ ਲਈ ਅਨੁਕੂਲ ਹਾਲਾਤ ਪ੍ਰਦਾਨ ਕਰਦੀ ਹੈ ਕਿਉਂਕਿ :

★ ਮਿੱਟੀ ਅਤੇ ਪਾਣੀ ਵਿੱਚ ਨਮੀਂ ਦੀ ਉਪਲੱਬਧਤਾ।

★ ਪੌਸਟਿਕ ਭਿੱਜੇ ਹੋਏ ਅਤੇ ਅੰਕੁਰਿਤ ਬੀਜਾਂ ਦੀ ਮੌਜੂਦਗੀ।

★ ਨਰਮ ਅਤੇ ਕੋਮਲ ਪੌਦੇ।

★ ਗਰਮੀ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਹੋਰ ਖੁਰਾਕ ਦੀ ਘੱਟ ਉਪਲੱਬਧਤਾ।

**ਪਾਣੀ ਵਾਲੀ ਰੁਕਾਵਟ : ਇੱਕ ਸਧਾਰਣ ਰਿਵਾਇਤੀ ਤਰੀਕਾ** : ਚੂਹਿਆਂ ਦੇ ਪ੍ਰਬੰਧ ਲਈ ਰਸਾਇਣਕ ਜ਼ਹਿਰਾਂ ਦੀ ਵਰਤੋਂ ਆਮ ਹੈ, ਪਰ ਝੋਨੇ ਦੀ ਪਨੀਰੀ ਵਿੱਚ ਇਹਨਾਂ ਦੀ ਵਰਤੋਂ ਅਕਸਰ ਉਚਿਤ ਨਹੀਂ ਮੰਨੀ ਜਾਂਦੀ ਕਿਉਂਕਿ ਇਸ ਨਾਲ ਪੰਛੀਆਂ ਅਤੇ ਹੋਰ ਲਾਭਕਾਰੀ ਜੀਵਾਂ ਨੂੰ ਖਤਰਾ ਹੋ ਸਕਦਾ ਹੈ। ਰਸਾਇਣਾਂ ਦੀ ਗਲਤ ਵਰਤੋਂ ਨਾਲ ਵਾਤਾਵਰਣ ਅਤੇ ਸੁਰੱਖਿਆ ਸੰਬੰਧੀ ਚਿੰਤਾਵਾਂ ਵੀ ਪੈਦਾ ਹੋ ਸਕਦੀਆਂ ਹਨ। ਇਸ ਲਈ ਝੋਨੇ ਦੀ ਪਨੀਰੀ ਵਿੱਚ ਚੂਹਿਆਂ ਦੇ ਪ੍ਰਬੰਧ ਲਈ ਇੱਕ ਸੁਰੱਖਿਅਤ, ਸਸਤੇ ਅਤੇ ਵਾਤਾਵਰਣ-ਅਨੁਕੂਲ ਤਰੀਕੇ ਦੀ ਲੋੜ ਹੈ।

ਇਸ ਸਮੱਸਿਆ ਦੇ ਹੱਲ ਲਈ ਪਨੀਰੀ ਦੇ ਚਾਰੇ ਪਾਸੇ ਪਾਣੀ ਨਾਲ ਭਰੀ ਰੁਕਾਵਟ ਬਣਾਉਣ ਤੇ ਆਧਾਰਿਤ ਇੱਕ ਸਾਧਾਰਣ ਰਿਵਾਇਤੀ ਤਰੀਕਾ ਵਿਕਸਿਤ ਕੀਤਾ ਗਿਆ ਹੈ। ਇਹ ਤਰੀਕਾ ਖਾਸ ਕਰਕੇ ਰਾਤ ਵੇਲੇ, ਜਦੋਂ ਚੂਹਿਆਂ ਦੀ ਸਰਗਰਮੀ ਸਭ ਤੋਂ ਵੱਧ ਹੁੰਦੀ ਹੈ, ਉਹਨਾਂ ਦੀ ਪਨੀਰੀ ਵਿੱਚ ਆਵਾਜਾਈ ਨੂੰ ਰੋਕਦਾ ਹੈ। ਚੂਹੇ ਆਮ ਤੌਰ 'ਤੇ ਪਾਣੀ ਨਾਲ ਭਰੇ ਖਾਲਾਂ ਨੂੰ ਪਾਰ ਕਰਨ ਤੋਂ ਕਤਰਾਉਂਦੇ ਹਨ, ਜਿਸ ਨਾਲ ਉਹਨਾਂ ਦਾ ਪਨੀਰੀ ਵਿੱਚ ਦਾਖਲਾ ਘੱਟ ਹੁੰਦਾ ਹੈ ਅਤੇ ਪੌਦਿਆਂ ਨੂੰ ਨੁਕਸਾਨ ਵੀ ਘੱਟਦਾ ਹੈ।

**ਕਿਸਾਨਾਂ ਲਈ ਸਿਫ਼ਾਰਸ਼ਾਂ** : ਝੋਨੇ ਦੀ ਪਨੀਰੀ ਨੂੰ ਚੂਹਿਆਂ ਤੋਂ ਬਚਾਉਣ ਲਈ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ :

★ ਪਨੀਰੀ ਦੇ ਚਾਰੇ ਪਾਸੇ ਲਗਭਗ 1.5 ਮੀਟਰ ਚੌੜਾ ਅਤੇ 1 ਫੁੱਟ ਡੂੰਘਾ ਖਾਲ ਬਣਾਇਆ ਜਾਵੇ।

★ ਇਸ ਖਾਲ ਵਿੱਚ ਖਾਸ ਕਰਕੇ ਰਾਤ ਸਮੇਂ ਪਾਣੀ ਭਰ ਕੇ ਰੱਖਿਆ ਜਾਵੇ।

★ ਹਲਕੀ ਬਣਾਵਟ ਵਾਲੀ ਮਿੱਟੀ ਵਿੱਚ ਪਾਣੀ ਦੇ ਰਿਸਾਅ ਨੂੰ ਰੋਕਣ ਅਤੇ ਪਾਣੀ ਸੰਭਾਲ ਕੇ ਰੱਖਣ ਲਈ ਖਾਲ ਦੇ ਅੰਦਰ ਪੋਲੀਥੀਨ ਦੀ ਚਾਦਰ ਵਿਛਾਈ ਜਾਵੇ।

ਪਾਣੀ ਵਾਲੀ ਰੁਕਾਵਟ ਦੇ ਨਾਲ-ਨਾਲ ਹੇਠ ਲਿਖੀਆਂ ਪ੍ਰਥਾਵਾਂ ਨੂੰ ਵੀ ਅਪਣਾਇਆ ਜਾਵੇ :

★ ਪਨੀਰੀ ਦੇ ਆਲੇ-ਦੁਆਲੇ ਸਫ਼ਾਈ ਰੱਖੋ ਅਤੇ ਜੰਗਲੀ ਘਾਹ ਨੂੰ ਸਮੇਂ-ਸਮੇਂ ਸਿਰ ਕੱਟਦੇ ਰਹੋ।

★ ਵੱਟਾਂ ਅਤੇ ਨਾਲ ਲੱਗਦੇ ਖੇਤਾਂ ਵਿੱਚ ਚੂਹਿਆਂ ਦੀਆਂ ਖੁੱਡਾਂ ਨਸ਼ਟ ਕਰੋ।

★ ਪਨੀਰੀ ਦੇ ਨੇੜੇ ਫ਼ਸਲਾਂ ਦੇ ਅਵਸ਼ੇਸ਼ ਜਾਂ ਕੂੜਾ-ਕਰਕਟ ਇਕੱਠਾ ਨਾ ਹੋਣ ਦਿਉ।

ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/- ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਡਾਕ ਰਾਹੀਂ ਪ੍ਰਾਪਤ ਕਰਨ ਲਈ

ਇੱਕ ਸਾਲ 500/- ਰੁਪਏ | ਦੋ ਸਾਲ 800/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com